ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 20*Issue 12 Monday, January 18, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Care Financial
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਕੰਜ਼ਰਵੇਟਿਵ ਪਾਰਟੀ ਵਿਚ ਸੱਜੇ ਪੱਖੀ ਸੋਚ ਰੱਖਣ ਵਾਲਿਆਂ ਲਈ ਕੋਈ ਥਾਂ ਨਹੀਂ : ਓਟੂਲ



ਓਟਵਾ, 17 ਜਨਵਰੀ (ਪੋਸਟ ਬਿਊਰੋ) : ਫੈਡਰਲ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਆਪਣੀ ਪਾਰਟੀ ਨੂੰ ਟਰੰਪ ਵਰਗੀ ਸਿਆਸਤ ਨਾਲ ਜੋੜੇ ਜਾਣ ਦੀਆਂ ਕੋਸ਼ਿਸ਼ਾਂ ਨੂੰ ਨਕਾਰਦਿਆਂ ਆਖਿਆ ਕਿ ਸਾਡੀ ਪਾਰਟੀ ਵਿੱਚ ਸੱਜੇ ਪੱਖੀਆਂ ਲਈ ਕੋਈ ਥਾਂ ਨਹੀਂ। ਇਸ ਦੇ ਨਾਲ ਹੀ ਉਨ੍ਹਾਂ ਲਿਬਰਲਾਂ ਉੱਤੇ ਪਾਰਟੀ ਵਿੱਚ ਵੰਡੀਆਂ ਪਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਵੀ ਲਾਇਆ।

ਐਤਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਓਟੂਲ ਨੇ ਗਰਭਪਾਤ, ਗੇਅ ਰਾਈਟਸ ਤੇ ਇੰਡੀਜੀਨਸ ਲੋਕਾ ਨਾਲ ਸੁਲ੍ਹਾ ਵਰਗੇ ਮੁੱਦਿਆਂ ਉੱਤੇ ਆਪਣੇ ਵਿਚਾਰਾਂ ਨੂੰ ਸਪਸ਼ਟ ਕੀਤਾ ਤੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਵਿੱਚ ਸੱਜੇ ਪੱਖੀ ਇੰਤਹਾਪਸੰਦਾ ਤੇ ਨਸਲੀ ਪੱਧਰ ਉੱਤੇ ਦੂਜਿਆਂ ਨਾਲ ਨਫਰਤ ਕਰਨ ਵਾਲਿਆਂ ਲਈ ਕੋਈ ਥਾਂ ਨਹੀਂ ਹੈ।ਓਟੂਲ ਨੇ ਆਖਿਆ ਕਿ ਕੰਜ਼ਰਵੇਟਿਵ ਪਾਰਟੀ ਬਹੁਤ ਹੀ ਨਰਮ ਖਿਆਲਾਂ ਵਾਲੀ,ਵਿਵਹਾਰਕ ਤੇ ਮੁੱਖ ਧਾਰਾ ਨਾਲ ਜੁੜੀ ਹੋਈ ਪਾਰਟੀ ਹੈ ਤੇ ਜਿਸ ਦੀ ਕੈਨੇਡੀਅਨ ਸਿਆਸਤ ਵਿੱਚ ਅਹਿਮ ਥਾਂ ਹੈ।

ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਸਾਰਾ ਧਿਆਨ ਇਸ ਵੇਲੇ ਕੈਨੇਡਾ ਦੇ ਅਰਥਚਾਰੇ ਨੂੰ ਜਲਦ ਤੋਂ ਜਲਦ ਲੀਹ ਉੱਤੇ ਲਿਆਉਣ ਵੱਲ ਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਵੱਲ ਲੱਗਿਆ ਹੋਇਆ ਹੈ। ਉਹ ਕੇਨੇਡੀਅਨਾਂ ਦੇ ਭਵਿੱਖ ਨੂੰ ਹੋਰ ਸਕਿਓਰ ਕਰਨਾ ਚਾਹੁੰਦੇ ਹਨ। ਸਾਡੀ ਪਾਰਟੀ ਵਿੱਚ ਸਜੇ ਪੱਖੀ ਸੋਚ ਵਾਲਿਆਂ ਲਈ ਕੋਈ ਥਾਂ ਨਹੀਂ।

ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਹਫਤੇ ਲਿਬਰਲ ਪਾਰਟੀ ਵੱਲੋਂ ਆਪਣੇ ਮੈਂਬਰਾਂ ਨੂੰ ਭੇਜੇ ਗਏ ਫੰਡਰੇਜ਼ਿੰਗ ਲੈਟਰ ਵਿੱਚ ਇਹ ਦੋਸ਼ ਲਾਇਆ ਗਿਆ ਸੀ ਕਿ ਓਟੂਲ ਦੀ ਅਗਵਾਈ ਵਿੱਚ ਕੰਜ਼ਰਵੇਟਿਵ ਵੰਡੀਆਂ ਪਾਉਣ ਵਾਲੀ ਸਿਆਸਤ ਨੂੰ ਹਵਾ ਦੇ ਰਹੇ ਹਨ ਤੇ ਸੱਜੇ ਪੱਖੀ ਸੋਚ ਰੱਖਣ ਵਾਲਿਆਂ ਨੂੰ ਸ਼ਹਿ ਦੇ ਰਹੇ ਹਨ। ਇਸ ਦੇ ਜਵਾਬ ਵਿੱਚ ਹੀ ਓਟੂਲ ਦਾ ਇਹ ਬਿਆਨ ਆਇਆ।

# ਖਾਲਸਾ ਏਡ ਨੂੰ ਨੋਬਲ ਪੀਸ ਪ੍ਰਾਈਜ਼ ਦੇਣ ਦੀ ਟਿੰਮ ਉੱਪਲ ਨੇ ਕੀਤੀ ਸਿਫਾਰਿਸ਼



ਐਡਮੰਟਨ, 17 ਜਨਵਰੀ (ਪੋਸਟ ਬਿਊਰੋ) : ਐਡਮੰਟਨ ਮਿੱਲ ਵੁੱਡਜ਼ ਤੋਂ ਮੈਂਬਰ ਪਾਰਲੀਆਮੈਂਟ ਟਿੰਮ ਉੱਪਲ ਵੱਲੋਂ ਬਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ ਤੇ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਦੇ ਸਹਿਯੋਗ ਨਾਲ ਖਾਲਸਾ ਏਡ ਨੂੰ ਨੋਬਲ ਪੀਸ ਪ੍ਰਾਈਜ਼ ਲਈ ਨੌਮੀਨੇਟ ਕੀਤਾ ਗਿਆ ਹੈ।


ਖਾਲਸਾ ਏਡ ਕੌਮਾਂਤਰੀ ਪੱਧਰ ਦੀ ਐਨਜੀਓ ਹੈ ਜਿਹੜੀ ਦੁਨੀਆਂ ਭਰ ਵਿੱਚ ਆਉਣ ਵਾਲੀਆਂ ਕੁਦਰਤੀ ਆਫਤਾਂ, ਕਿਸੇ ਵੀ ਤਰ੍ਹਾਂ ਦੇ ਸੰਘਰਸ਼ ਵਾਲੇ ਇਲਾਕਿਆਂ, ਜੰਗ ਵਾਲੀਆਂ ਥਾਂਵਾਂ ਉੱਤੇ ਮਨੁੱਖਤਾਵਾਦੀ ਮਦਦ ਪਹੁੰਚਾਉਣ ਦਾ ਕੰਮ ਕਰਦੀ ਹੈ। ਖਾਲਸਾ ਏਡ ਅਜਿਹੀ ਪਹਿਲੀ ਕੌਮਾਂਤਰੀ ਮਨੁੱਖਤਾਵਾਦੀ ਸੰਸਥਾ ਹੈ ਜਿਸ ਨੂੰ ਸਰਹੱਦਾਂ ਵੀ ਨਹੀਂ ਬੰਨ੍ਹ ਪਾਈਆਂ ਤੇ ਇਹ ਸਿੱਖੀ ਸਿਧਾਂਤ "ਮਨੁੱਖ ਦੀ ਇੱਕੋ ਜਾਤ ਹੈ," ਦੇ ਆਧਾਰ ਉੱਤੇ ਕੰਮ ਕਰਦੀ ਹੈ।
ਇਸ ਦੇ ਬਾਨੀ ਰਵਿੰਦਰ (ਰਵੀ) ਸਿੰਘ ਹਨ।ਇਹ ਚੈਰਿਟੀ ਦੁਨੀਆਂ ਭਰ ਵਿੱਚ ਕਿਤੇ ਮਰਜ਼ੀ ਕੁਦਰਤੀ ਤੇ ਮਨੁੱਖਾਂ ਵੱਲੋਂ ਸਹੇੜੀ ਤਬਾਹੀ ਜਿਵੇਂ ਕਿ ਹੜ੍ਹ, ਭੂਚਾਲ, ਸੋਕਾ ਤੇ 20-20 ਸਾਲਾਂ ਤੋਂ ਜਾਰੀ ਜੰਗ ਦੇ ਮਾਹੌਲ ਵਿੱਚ ਵੀ ਲੋਕਾਂ ਦੀ ਮਦਦ ਕਰਨ ਤੋਂ ਪਿੱਛੇ ਨਹੀਂ ਹਟਦੀ।ਇਸ ਸੰਸਥਾਂ ਵੱਲੋਂ ਕੀਤੇ ਗਏ ਕੁੱਝ ਕੰਮ ਹੇਠ ਲਿਖੇ ਅਨੁਸਾਰ ਹਨ :

- 1999 ਵਿੱਚ ਤੁਰਕੀ ਵਿੱਚ ਆਏ ਭੂਚਾਲ ਦੌਰਾਨ ਅਹਿਮ ਸਪਲਾਈ ਲੋਕਾਂ ਤੱਕ ਪਹੁੰਚਾਈ
- ਉੜੀਸਾ ਵਿੱਚ 2000 ਵਿੱਚ ਆਏ ਚਕ੍ਰਵਾਤ ਦੌਰਾਨ ਵਾਲੰਟੀਅਰ ਭੇਜਣ ਦੇ ਨਾਲ ਨਾਲ ਮਨੁੱਖਤਾਵਾਦੀ ਸਹਾਇਤਾ ਤੇ ਐਜੁਕੇਸ਼ਨ ਇਕਿਊਪਮੈਂਟ ਵੀ ਭੇਜੇ
- 2001 ਵਿੱਚ ਗੁਜਰਾਤ ਵਿੱਚ ਆਏ ਭੂਚਾਲ ਮੌਕੇ ਲੋਕਾਂ ਦੀ ਮਦਦ ਲਈ ਵਾਲੰਟੀਅਰਜ਼ ਦੀਆਂ ਦੋ ਟੀਮਾਂ ਭੇਜੀਆਂ
- 2002 ਵਿੱਚ ਜਵਾਲਾਮੁਖੀ ਫਟਣ ਤੇ ਹਥਿਆਰਬੰਦ ਝੜਪ ਦੌਰਾਨ ਕੌਂਗੋ ਤੇ ਰਵਾਂਡਾ ਵਿੱਚ ਰਾਤ ਪ੍ਰੋਗਰਾਮ ਲਾਂਚ ਕੀਤਾ ਤੇ 1000 ਤੋਂ ਵੀ ਵੱਧ ਲੋਕਾਂ ਤੱਕ ਮੈਡੀਕਲ ਸਪਲਾਈਜ਼ ਪਹੁੰਚਾਈਆਂ
- 2003 ਵਿੱਚ ਅਫਗਾਨਿਸਤਾਨ ਵਿੱਚ ਘੱਟ ਗਿਣਤੀਆਂ ਦੀ ਮਦਦ ਲਈ ਲੋਕਲ ਪ੍ਰਾਈਮਰੀ ਸਕੂਲ ਵਿੱਚ ਐਜੁਕੇਸ਼ਨਲ ਇਕਿਊਪਮੈਂਟ, ਪਰਸਨਲ ਕੰਪਿਊਟਰ ਤੇ ਵਿੱਤੀ ਮਦਦ ਮੁਹੱਈਆ ਕਰਵਾਈ
- 2003 ਵਿੱਚ ਸੋਮਾਲੀਆ ਵਿੱਚ ਪਿੰਡ ਦੇ ਬਜ਼ੁਰਗਾਂ ਵੱਲੋਂ ਚਿੰਤਾ ਪ੍ਰਗਟਾਏ ਜਾਣ ਤੋਂ ਬਾਅਦ ਪਾਣੀ ਦੇ ਸਰੋਤ ਦੇ ਬਦਲਵੇਂ ਪ੍ਰਬੰਧ ਕਰਵਾਏ
- 2004 ਵਿੱਚ ਆਈ ਸੁਨਾਮੀ ਤੋਂ ਬਾਅਦ ਅੰਡਮਾਨ ਟਾਪੂ ਉੱਤੇ ਲੋਕਾਂ ਲਈ ਖਾਣਾ, ਮੱਛਰਦਾਨੀਆਂ, ਮੌਸਕਿਟੋ ਰੈਪੇਲੈਂਟ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਰਾਹਤ ਮਿਸ਼ਨ ਲਾਂਚ ਕੀਤਾ
- 2005 ਵਿੱਚ ਪਾਕਿਸਤਾਨ ਵਿੱਚ ਆਏ ਭੂਚਾਲ ਤੋਂ ਬਾਅਦ ਆਜ਼ਾਦ ਕਸ਼ਮੀਰ ਵਿੱਚ ਫਸੇ ਲੋਕਾਂ ਦੀ ਮਦਦ ਲਈ ਖਾਣਾ ਮੁਹੱਈਆ ਕਰਵਾਉਣ ਦੇ ਨਾਲ ਨਾਲ ਉਨ੍ਹਾਂ ਦੇ ਰਹਿਣ ਲਈ ਦੁਬਾਰਾ ਪ੍ਰਬੰਧ ਕਰਨ ਤੇ ਪਰਿਵਾਰਾਂ ਦੀ ਰੋਟੀ ਰੋਜ਼ੀ ਦਾ ਜੁਗਾੜ ਕਰਕੇ ਦਿੱਤਾ
- 2006 ਵਿੱਚ ਆਈ ਸੁਨਾਮੀ ਤੋਂ ਬਾਅਦ ਇੰਡੋਨੇਸ਼ੀਆ ਵਿੱਚ ਲੋਕਾਂ ਦੀ ਮਦਦ ਲਈ ਉਪਰਾਲੇ ਕੀਤੇ ਤੇ ਬੱਚਿਆਂ ਲਈ ਐਜੁਕੇਸ਼ਨਲ ਸਹਾਇਤਾ, ਥੈਰੇਪੀ ਤੇ ਸਕੂਲ ਸਪਲਾਈਜ਼ ਮੁਹੱਈਆ ਕਰਵਾਈਆਂ
- 2007 ਵਿੱਚ ਬੰਗਲਾਦੇਸ਼ ਵਿੱਚ ਆਏ ਚਕ੍ਰਵਾਤ ਤੋਂ ਬਾਅਦ ਚਾਰ ਹਫਤਿਆਂ ਦਾ ਪ੍ਰੋਜੈਕਟ ਸ਼ੁਰੂ ਕੀਤਾ ਤੇ ਉਨ੍ਹਾਂ ਨੂੰ ਪਾਣੀ ਮੁਹੱਈਆ ਕਰਵਾਉਣ ਦੇ ਨਾਲ ਨਾਲ ਉਨ੍ਹਾਂ ਲਈ ਮੁੜ ਘਰ ਉਸਾਰ ਕੇ ਦਿੱਤੇ
- 2007 ਵਿੱਚ ਭਾਰਤ, ਨੇਪਾਲ, ਭੂਟਾਨ, ਪਾਕਿਸਤਾਨ ਤੇ ਬੰਗਲਾਦੇਸ਼ ਵਿੱਚ ਆਏ ਹੜ੍ਹਾਂ ਤੋਂ ਬਾਅਦ ਲੋਕਲ ਏਰੀਆ ਦੇ ਲੋਕਾਂ ਦੀ ਮਦਦ ਲਈ ਉਨ੍ਹਾਂ ਨੂੰ ਖਾਣਾ, ਰਾਸ਼ਨ, ਕੰਬਲ, ਚਾਦਰਾਂ, ਕੱਪੜੇ ਮੁਹੱਈਆ ਕਰਵਾਏ।
- 2009 ਵਿੱਚ ਪਾਕਿਸਤਾਨ ਦੇ ਪੰਜਾ ਸਾਹਿਬ ਗੁਰਦੁਆਰੇ ਵਿੱਚ ਸਿੱਖ ਤੇ ਹਿੰਦੂ ਰਫਿਊਜੀਆਂ ਲਈ ਸੈਨਿਟਰੀ ਆਈਟਮਾਂ ਮੁਹੱਈਆ ਕਰਵਾਈਆਂ
- 2009 ਵਿੱਚ ਕੰਬੋਡੀਆ ਵਿੱਚ ਯਤੀਮ ਬੱਚਿਆਂ ਦੀ ਮਦਦ ਲਈ ਡੈਂਟਲ ਕਲੀਨਿਕਸ ਵਾਸਤੇ ਸਾਜ਼ੋ ਸਮਾਨ ਤੇ ਹੋਰ ਸਰੋਤ ਮੁਹੱਈਆ ਕਰਵਾਏ
- 2010 ਵਿੱਚ ਹਾਇਤੀ ਵਿੱਚ ਆਏ ਭੂਚਾਲ ਤੋਂ ਬਾਅਦ ਲੋਕਾਂ ਦੀ ਮਦਦ ਲਈ ਅੱਠ ਅਨਾਥ ਆਸ਼ਰਮਾਂ ਨੂੰ ਸਪੌਂਸਰ ਕੀਤਾ ਤੇ ਖਾਣਾ, ਸਾਫ ਪਾਣੀ ਤੇ ਹੋਰ ਮਦਦ ਮੁਹੱਈਆ ਕਰਵਾਈ
- 2011 ਵਿੱਚ ਲਿਬੀਆ ਦੀ ਖਾਨਾਜੰਗੀ ਦੌਰਾਨ ਟਿਊਨੇਸ਼ੀਆਈ ਤੇ ਲਿਬੀਆਈ ਬਾਰਡਰ ਉੱਤੇ ਮਨੁੱਖਤਾਵਾਦੀ ਮਦਦ ਮੁਹੱਈਆ ਕਰਵਾਈ
- 2012 ਵਿੱਚ ਕੀਨੀਆ ਦੀਆਂ ਲੋਕਲ ਆਰਗੇਨਾਈਜ਼ੇਸ਼ਨਜ਼ ਨਾਲ ਰਲ ਕੇ ਉਨ੍ਹਾਂ ਇਲਾਕਿਆਂ ਤੱਕ ਪਹੁੰਚ ਕੀਤੀ ਜਿੱਥੇ ਸਾਫ ਪੀਣ ਵਾਲਾ ਪਾਣੀ ਨਹੀਂ ਹੈ ਤੇ ਉੱਥੇ ਪਾਣੀ ਲਈ ਫੈਸਿਲਿਟੀਜ਼ ਤਿਆਰ ਕਰਵਾਈਆਂ
- 2013 ਵਿੱਚ ਉੱਤਰਾਖੰਡ ਵਿੱਚ ਆਏ ਹੜ੍ਹ ਦੌਰਾਨ ਲੋਕਾਂ ਲਈ ਮੁਫਤ ਵਿੱਚ ਖਾਣੇ, ਪਾਣੀ ਤੇ ਪਹਿਲਾਂ ਤੋਂ ਹੀ ਪੈਕ ਰਾਹਤ ਸਮੱਗਰੀ ਮੁਹੱਈਆ ਕਰਵਾਈ

...ਬਾਕੀ ਪੰਨਾ 3 'ਤੇ

# ਕੀ ਕੀਅਸਟੋਨ ਐਕਸਐਲ ਪਾਈਪਲਾਈਨ ਦੇ ਪਸਾਰ ਉੱਤੇ ਰੋਕ ਲਾਉਣਗੇ ਬਾਇਡਨ ?





ਟੋਰਾਂਟੋ, 17 ਜਨਵਰੀ (ਪੋਸਟ ਬਿਊਰੋ) : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਦੀ ਟਰਾਂਜ਼ੀਸ਼ਨ ਟੀਮ ਦੇ ਨੇੜਲੇ ਸਰੋਤ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਹੁਦੇ ਦੀ ਸੰਹੁ ਚੁੱਕਣ ਤੋਂ ਬਾਅਦ ਨਵੇਂ ਰਾਸ਼ਟਰਪਤੀ ਕੀਅਸਟੋਨ ਐਕਸਐਲ ਪਾਈਪਲਾਈਨ ਦੇ ਪਸਾਰ ਉੱਤੇ ਰੋਕ ਲਾ ਦੇਣਗੇ।

ਇਹ ਵੀ ਪਤਾ ਲੱਗਿਆ ਹੈ ਕਿ ਬੁੱਧਵਾਰ ਨੂੰ ਆਪਣੇ ਪਹਿਲੇ ਐਗਜ਼ੈਕਟਿਵ ਆਰਡਰਜ਼ ਵਿੱਚ ਬਾਇਡਨ ਤਰਜੀਹੀ ਤੌਰ ਉੱਤੇ ਇਹ ਕੰਮ ਕਰਨਗੇ। ਜ਼ਿਕਰਯੋਗ ਹੈ ਕਿ ਕੀਅਸਟੋਨ ਐਕਸਐਲ ਪਾਈਪਲਾਈਨ ਪਸਾਰ ਦਾ ਮਾਮਲਾ ਅਜਿਹਾ ਵਿਵਾਦਗ੍ਰਸਤ ਕਰੌਸ ਬਾਰਡਰ ਪ੍ਰੋਜੈਕਟ ਹੈ ਜਿਸ ਤਹਿਤ ਕੈਨੇਡੀਅਨ ਕੱਚੇ ਤੇਲ ਨੂੰ ਅਮਰੀਕਾ ਤੱਕ ਪਹੁੰਚਾਉਣ ਲਈ ਲੰਮੀ ਪਾਈਪਲਾਈਨ ਉਸਾਰੀ ਜਾਣੀ ਹੈ। ਇਸ ਪਾਈਪਲਾਈਨ ਰਾਹੀਂ ਹਾਰਡਿਸਟੀ, ਅਲਬਰਟਾ ਤੋਂ ਸਟੀਲ ਸਿਟੀ, ਨੈਬਰਾਸਕਾ ਤੱਕ 830,000 ਬੈਰਲ ਤੇਲ ਪਹੁੰਚਾਏ ਜਾਣ ਦਾ ਟੀਚਾ ਹੈ, ਜਿਸ ਦੀ ਲਾਗਤ 8 ਬਿਲੀਅਨ ਅਮਰੀਕੀ ਡਾਲਰ ਹੈ।

ਬਾਇਡਨ ਦੀ ਚੋਣ ਕੈਂਪੇਨ ਵਿੱਚ ਇਹ ਸਪਸ਼ਟ ਆਖਿਆ ਗਿਆ ਸੀ ਕਿ ਉਹ ਟੀਸੀ ਐਨਰਜੀ ਦੀ ਕੀਅਸਟੋਨ ਡੀਲ ਨੂੰ ਖ਼ਤਮ ਕਰਨ ਦਾ ਇਰਾਦਾ ਰੱਖਦੇ ਹਨ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਅਜੇ ਬਾਇਡਨ ਡੈਮੋਕ੍ਰੈਟਿਕ ਉਮੀਦਵਾਰ ਬਣਨ ਲਈ ਕੋਸ਼ਿਸ਼ ਕਰ ਰਹੇ ਸਨ। ਇਸ ਤੋਂ ਇਲਾਵਾ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਵਾਲੇ ਫੈਸਲਿਆਂ ਨੂੰ ਉਲਟਾਉਣ ਲਈ ਵੀ ਬਾਇਡਨ ਵੱਲੋਂ ਇਹ ਕੋਸ਼ਿਸ਼ ਕੀਤੀ ਜਾਵੇਗੀ। ਬਾਇਡਨ ਇਹ ਵਾਅਦਾ ਵੀ ਕਰ ਚੁੱਕੇ ਹਨ ਕਿ 2017 ਵਿੱਚ ਜਿਸ ਪੈਰਿਸ ਸਮਝੌਤੇ ਤੋਂ ਟਰੰਪ ਨੇ ਅਮਰੀਕਾ ਨੂੰ ਪਾਸੇ ਕਰ ਦਿੱਤਾ ਸੀ ਉਹ ਮੁੜ ਉਸ ਸਮਝੌਤੇ ਦਾ ਹਿੱਸਾ ਬਣਨਗੇ।

# ਮਾਈਕਰੋਸਾਫਟ ਦੇ ਬਿਲ ਗੇਟਸ ਅਮਰੀਕਾ ਦੇ ਸਭ ਤੋਂ ਵੱਡੇ ਵਾਹੀਯੋਗ ਜ਼ਮੀਨ ਮਾਲਕ ਬਣੇ

ਸਾਨ ਫਰਾਂਸਿਸਕੋ, 17 ਜਨਵਰੀ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਬਣਾਏ ਤਿੰਨ ਖੇਤੀਬਾੜੀ ਕਾਨੂੰਨਾਂ ਖਿਲਾਫ ਦੁਨੀਆ ਦੇ ਸਭ ਤੋਂ ਵੱਡੇ ਅੰਦੋਲਨ ਦੌਰਾਨ ਖਬਰ ਆਈ ਹੈ ਕਿ ਸੂਚਨਾ ਤਕਨਾਲੋਜੀ ਮਾਈਕਰੋਸਾਫਟ ਦੇ ਮਾਲਕ ਬਿਲ ਗੇਟਸ ਅਮਰੀਕਾ 'ਚ ਸਭ ਤੋਂ ਵੱਧ ਵਾਹੀਯੋਗ ਜ਼ਮੀਨ ਦੇ ਮਾਲਕ ਬਣ ਗਏ ਹਨ। ਇਹ ਜਾਣਕਾਰੀ ਫੌਕਸ ਬਿਜ਼ਨਸ ਫਲੈਸ਼ ਨੇ 15 ਜਨਵਰੀ ਦੀਆਂ ਮੁੱਖ ਸੁਰਖੀਆਂ ਵਿੱਚ ਸ਼ਾਮਲ ਕੀਤੀ ਹੈ। ਲੈਂਡ ਰਿਪੋਰਟ ਅਨੁਸਾਰ ਬਿਲ ਗੇਟਸ ਅੱਜ ਅਮਰੀਕਾ ਵਿੱਚ ਸਭ ਤੋਂ ਜ਼ਿਆਦਾ ਖੇਤਾਂ ਦੇ ਮਾਲਕ ਹਨ। ਖੋਜਕਾਰਾਂ ਨੇ ਇਹ ਸਿੱਟਾ ਕੱਢਿਆ ਕਿ ਬਿੱਲ ਗੇਟਸ, ਜੋ ਅੱਜ ਦੁਨੀਆ ਦੇ ਚੌਥੇ ਸਭ ਤੋਂ ਅਮੀਰ ਹਨ ਤੇ ਉਸ ਦੀ ਪਤਨੀ ਮੇਲਿੰਡਾ ਕੋਲ 2,42,000 ਏਕੜ ਜ਼ਮੀਨ ਹੈ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH
DIRECTOR
Member of ICCRC
Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

# ਕਿਸਾਨ ਆਗੂਆਂ ਦਾ ਐਲਾਨ: 26 ਜਨਵਰੀ ਨੂੰ ਦਿੱਲੀ ਦੀ ਰਿੰਗ ਰੋਡ ਉੱਤੇ 'ਟਰੈਕਟਰ ਮਾਰਚ' ਕੀਤਾ ਜਾਵੇਗਾ

ਨਵੀਂ ਦਿੱਲੀ, 17 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫਕਿਸਾਨ ਅੰਦੋਲਨ ਦਾ ਅੱਜ ਐਤਵਾਰ ਨੂੰ 53ਵਾਂ ਦਿਨ ਵੀ ਗੁਜ਼ਰ ਗਿਆ ਹੈ, ਪਰਦਿੱਲੀਦੇਬਾਰਡਰਾਂ ਉੱਤੇ ਕਿਸਾਨਾਂ ਦਾ ਧਰਨਾ ਪ੍ਰਦਰਸ਼ਨ ਅਜੇ ਵੀ ਓਸੇ ਤਰ੍ਹਾਂ ਜਾਰੀ ਹੈ। ਕਿਸਾਨ ਜਥੇਬੰਦੀਆਂ ਅਤੇ ਸਰਕਾਰ ਵਿਚਾਲੇ 10ਵੇਂ ਦੌਰ ਦੀ ਬੈਠਕ 19 ਜਨਵਰੀ ਨੂੰ ਕਰਨ ਤੋਂ ਪਹਿਲਾਂ ਅੱਜ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਕਹਿ ਦਿੱਤਾ ਹੈ ਕਿ ਅਸੀਂ 26 ਜਨਵਰੀ ਨੂੰ ਟਰੈਕਟਰ ਮਾਰਚ ਕੱਢਾਂਗੇ, ਜਿਹੜਾ ਦਿੱਲੀਵਿੱਚ ਬਾਹਰੀ ਰਿੰਗ ਰੋਡ ਉੱਤੇਹੋਵੇਗਾ।



ਟਰੈਕਟਰ ਮਾਰਚ ਬਾਰੇ ਇਹ ਐਲਾਨ ਕਰਦੇ ਹੋਏ 'ਸਵਰਾਜ ਇੰਡੀਆ' ਦੇ ਆਗੂ ਯੋਗੇਂਦਰ ਯਾਦਵ ਨੇ ਕਿਹਾ ਕਿ ਗਣਤੰਤਰ ਦਿਵਸ ਦੇ ਦਿਨ ਦਿੱਲੀ ਆਊਟਰ ਰਿੰਗ ਰੋਡ ਉੱਤੇ ਕਿਸਾਨਾਂ ਵਲੋਂ ਤਿਰੰਗੇ ਨਾਲ ਸ਼ਾਂਤੀ ਪੂਰਨਟਰੈਕਟਰ ਮਾਰਚ ਨਿਕਲੇਗਾ ਅਤੇ ਗਣਤੰਤਰ ਦਿਵਸ ਸਮਾਰੋਹਵਿੱਚ ਕੋਈ ਵਿਘਨ ਨਹੀਂ ਪਾਇਆ ਜਾਵੇਗਾ।

ਇਸ ਮੌਕੇ ਭਾਰਤ ਦੀ ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਵੱਲੋਂ ਕਿਸਾਨ ਆਗੂਆਂ ਤੇ ਕਿਸਾਨ ਅੰਦੋਲਨ ਦੇ ਸਮੱਰਥਕਾਂ ਨੂੰ ਪੇਸ਼ੀ ਦੇ ਨੋਟਿਸ ਭੇਜਣ ਉੱਤੇ ਕਿਸਾਨ ਆਗੂਆਂ ਨੇ ਨਾਰਾਜ਼ਗੀ ਜਤਾਈਅਤੇ ਸਖਤ ਨਿੰਦਾ ਕੀਤੀ ਹੈ। ਇਸ ਬਾਰੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪ੍ਰਧਾਨ ਦਰਸ਼ਨ ਪਾਲ ਨੇ ਕਿਹਾ ਕਿ ਐੱਨ ਆਈ ਏਨੇ ਉਨ੍ਹਾਂ ਲੋਕਾਂ ਖ਼ਿਲਾਫ਼ ਕੇਸ ਦਰਜ ਕਰਨੇਸ਼ੁਰੂ ਕੀਤੇ ਹਨ, ਜਿਹੜੇ ਅੰਦੋਲਨ ਦਾ ਹਿੱਸਾ ਹਨ ਜਾਂ ਇਸਦਾ ਸਮਰਥਨ ਕਰਦੇ ਹਨ। ਵਰਨਣ ਯੋਗ ਹੈ ਕਿ ਸਰਕਾਰ ਦਾ ਕਹਿਣਾ ਹੈ ਕਿ ਕੁਝ ਵੱਖਵਾਦੀ ਸੰਗਠਨਾਂ ਅਤੇ ਉਨ੍ਹਾਂ ਨਾਲ ਜੁੜੇ ਐੱਨ ਜੀ ਓਜ਼ ਦੀ ਫੰਡਿੰਗ ਬਾਰੇ ਐੱਨ ਆਈ ਏਵੱਲੋਂ ਜਾਂਚ ਚੱਲ ਰਹੀ ਹੈ। ਕਿਹਾ ਜਾਂਦਾ ਹੈ ਕਿ ਐੱਨ ਆਈ ਏ ਨੇ ਇਨ੍ਹਾਂ ਸੰਗਠਨਾਂ ਅਤੇ ਇਨ੍ਹਾਂ ਵਲੋਂ ਕੀਤੀ ਜਾਂਦੀ ਫੰਡਿੰਗ ਦੀ ਸੂਚੀ ਬਣਾ ਕੇ ਇਸ ਸੰਬੰਧ ਵਿਚ ਪੁੱਛ-ਗਿੱਛ ਲਈ ਨੋਟਿਸ ਭੇਜੇ ਹਨ।

ਓਧਰ ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂੰਨੀ ਨੇ ਅੱਜ ਐਲਾਨ ਕੀਤਾ ਹੈ ਕਿ ਪਾਰਲੀਮੈਂਟ ਮੈਂਬਰਾਂ, ਮੰਤਰੀਆਂ ਤੇ ਵਿਧਾਇਕਾਂ ਤੋਂ ਘਰ-ਘਰ ਜਾ ਕੇ ਅਸਤੀਫ਼ੇ ਮੰਗੇ ਜਾਣਗੇ। ਅੱਜ ਇਹ ਫੈਸਲਾ ਕਿਸਾਨ ਆਗੂ ਕਾਲਾ ਕਨੋਹ ਦੀ ਪ੍ਰਧਾਨਗੀ ਵਿਚ ਬੈਠਕਕਰ ਕੇ ਲਿਆ ਗਿਆ ਹੈ। ਕਨੋਹ ਨੇ ਕਿਹਾ ਕਿ ਮੰਤਰੀਆਂ ਤੋਂ ਅਸਤੀਫ਼ੇ ਮੰਗਣ ਦੀ ਕੜੀ ਵਿੱਚ 21 ਜਨਵਰੀ ਤੋਂ ਹਰਿਆਣਾ ਦੇ ਰਾਜ ਮੰਤਰੀ ਅਤੇ ਉਕਲਾਣਾ ਹਲਕੇ ਤੋਂ ਜਨਨਾਇਕ ਜਨਤਾ ਪਾਰਟੀ ਦੇ ਵਿਧਾਇਕ ਅਨੂਪ ਧਾਨਕ ਦੇ ਹਿਸਾਰ ਵਾਲੇ ਘਰ ਕਿਸਾਨ ਜਾਣਗੇ ਤੇ ਉਨ੍ਹਾਂ ਤੋਂ ਅਸਤੀਫ਼ਾ ਮੰਗਣਗੇ। ਉਨ੍ਹਾਂ ਕਿਹਾ ਕਿ ਉਸ ਤੋਂ ਬਾਅਦ ਜ਼ਿਲ੍ਹੇ ਦੇ ਸਾਰੇ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਤੋਂ ਅਸਤੀਫ਼ੇ ਮੰਗੇ ਜਾਣਗੇ।

ਅੱਜ ਹੀ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਸਰਕਾਰ ਵੱਲੋਂ ਕਿਸਾਨਾਂ ਨੂੰ ਥਕਾਉਣ ਤੇ ਨਿਰਾਸ਼ ਕਰ ਕੇ ਮੋੜਨ ਦੀ ਨੀਤੀ ਦਾ ਠੋਕਵਾਂ ਜਵਾਬ ਦਿੱਤਾ ਹੈ ਕਿ 'ਅਸੀਂ ਖੇਤ ਵਿੱਚ ਬੀਜ ਬੀਜਦੇ ਤੇ ਚਾਰ-ਛੇ ਮਹੀਨੇ ਉਡੀਕ ਕਰਦੇ ਹਾਂ, ਫਿਰ ਫਸਲ ਪੱਕਦੀ ਹੈ ਤਾਂ ਗੜੇ ਪੈ ਜਾਂਦੇ ਹਨ। ਓਦੋਂ ਬਾਅਦ ਵੀ ਖੇਤ ਕਦੇ ਛੱਡਿਆ ਨਹੀਂ, ਅਗਲੀ ਫਸਲ ਦੀ ਤਿਆਰੀ ਸ਼ੁਰੂ ਕਰ ਦੇਂਦੇ ਹਾਂ'। ਟਿਕੈਤ ਨੇ ਰਾਜਸਥਾਨ ਦੇ ਇੱਕ ਕਿਸਾਨ ਦੀ ਮਿਸਾਲ ਦੇ ਕੇਦੱਸਿਆ ਕਿ ਉਸ ਪਿੰਡ ਵਿੱਚ 11 ਸਾਲ ਮੀਂਹ ਨਹੀਂ ਪਿਆ, ਪਰ ਕਿਸਾਨ ਨੇ ਪਿੰਡ ਨਹੀਂ ਛੱਡਿਆ। ਕਿਸਾਨ ਕਦੇ ਕਿਸੇ ਕਾਰਨ ਆਪਣਾ ਖੇਤ ਨਹੀਂ ਛੱਡਦਾ, ਹਰ ਸਾਲ ਖੇਤ ਵਿੱਚ ਜਾਂਦਾ ਅਤੇ ਹਲ ਵਾਹੁੰਦਾ ਹੈ। ਟਿਕੈਤ ਨੇ ਕਿਹਾ ਕਿ ਅੰਦੋਲਨ ਖ਼ਤਮ ਨਹੀਂ ਹੋਵੇਗਾ। ਅੰਦੋਲਨ ਉਦੋਂ ਤੱਕ ਜਾਰੀ ਰਹੇਗਾ, ਜਦੋਂਤੱਕ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ।

# ਸਿਆਸੀ ਲੀਡਰਾਂ ਨਾਲ ਕਿਸਾਨ ਆਗੂ ਚੜੂੰਨੀ ਦੀ ਮੀਟਿੰਗ ਤੋਂ ਕਿਸਾਨ ਮੋਰਚਾ ਨੇ ਪੱਲਾ ਝਾੜਿਆ

ਨਵੀ ਦਿੱਲੀ, 17 ਜਨਵਰੀ, (ਪੋਸਟ ਬਿਊਰੋ)- ਦਿੱਲੀ ਵਿੱਚ ਚੱਲਦੇ ਕਿਸਾਨ ਅੰਦੋਲਨ ਦੀ ਅਗਵਾਈ ਕਰ ਰਹੇਸੰਯੁਕਤ ਕਿਸਾਨ ਮੋਰਚਾ ਨੇ ਹਰਿਆਣਾ ਦੇ ਕਿਸਾਨ ਆਗੂ ਗੁਰਨਾਮ ਸਿੰਘ ਚੜੂੰਨੀ ਦੀ ਦਿੱਲੀਦੇ ਕੰਸਟੀਟਿਊਸ਼ਨ ਕਲੱਬ ਵਿਖੇ ਕੁਝ ਸਿਆਸੀ ਲੀਡਰਾਂ ਨਾਲ ਮੀਟਿੰਗ ਤੋਂ ਪੱਲਾ ਝਾੜ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਬੈਠਕ ਨਾਲ ਸਾਡਾ ਕੋਈ ਸੰਬੰਧ ਨਹੀਂ ਅਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਲੀ ਬੈਠਕ ਵਿੱਚ ਕੰਸਟੀਟਿਊਸ਼ਨ ਕਲੱਬ ਵਿਖੇ ਗੁਰਨਾਮ ਸਿੰਘ ਚੜੂੰਨੀ ਕੋਲੋਂ ਏਹੋ ਜਿਹੀ ਮੀਟਿੰਗ ਬਾਰੇ ਪੁੱਛਿਆ ਜਾਵੇਗਾ। ਵਰਨਣ ਯੋਗ ਹੈ ਕਿ ਗੁਰਨਾਮ ਸਿੰਘ ਚੜੂੰਨੀ ਹਰਿਆਣਾ ਦੇ ਕਿਸਾਨ ਆਗੂ ਹਨ ਤੇ ਅੱਜ ਕੁਝ ਪਾਰਟੀਆਂ ਦੇ ਲੀਡਰਾਂ ਨਾਲ ਉਨ੍ਹਾਂ ਦੀ ਮੁਲਾਕਾਤ ਉੱਤੇ ਸਵਾਲ ਖੜੇ ਕੀਤੇ ਜਾ ਰਹੇ ਹਨ।



ਪਤਾ ਲੱਗਾ ਹੈ ਕਿ ਕੁਝ ਕਿਸਾਨ ਆਗੂਆਂ ਨੇ ਕੰਸਟੀਟਿਊਸ਼ਨ ਕਲੱਬਦਿੱਲੀ ਵਿਖੇ ਕਿਸਾਨ ਪਾਰਲੀਮੈਂਟਕਰਨ ਦੇ ਲਈ ਵਿਰੋਧੀ ਪਾਰਟੀਆਂ ਦੇ ਆਗੂਆਂ ਨਾਲ ਮੀਟਿੰਗ ਕੀਤੀ ਸੀ, ਜਿਸਵਿੱਚ ਪੰਜਾਬ ਕਾਂਗਰਸ ਦੇ ਪਾਰਲੀਮੈਂਟ ਮੈਂਬਰਤੇ ਵਿਧਾਇਕ ਅਤੇ ਅਕਾਲੀ ਦਲ ਡੈਮੋਕਰੇਟਿਕ ਦੇ ਆਗੂ ਪਰਮਿੰਦਰ ਸਿੰਘ ਢੀਂਡਸਾ, ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਪੰਜਾਬ ਪਾਰਟੀ ਦੇ ਇੰਚਾਰਜ ਜਰਨੈਲ ਸਿੰਘ ਸਮੇਤ ਕਈ ਰਾਜਾਂ ਦੀਆਂ ਰਾਜਨੀਤਕ ਪਾਰਟੀਆਂ ਦੇ ਆਗੂਹਾਜ਼ਰ ਹੋਏ ਸਨ। ਮੀਟਿੰਗਵਿੱਚ ਪੰਜਾਬ ਤੇ ਦਿੱਲੀ ਦੇ ਕਈ ਵਿਧਾਇਕ ਸ਼ਾਮਲਸਨ ਤੇ ਇਨ੍ਹਾਂਵਿੱਚ ਦਾਦਰੀ ਦੇ ਆਜ਼ਾਦ ਵਿਧਾਇਕ ਸੋਮਵੀਰ ਸੰਗਵਾਨ ਵੀ ਸਨ। ਵਿਧਾਇਕਾਂ, ਸਾਬਕਾ ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ, ਸਾਬਕਾ ਪਾਰਲੀਮੈਂਟ ਮੈਂਬਰਾਂ ਨੂੰ ਓਥੇ 'ਕਿਸਾਨ ਪਾਰਲੀਮੈਂਟ' ਲਈ ਸੱਦਿਆ ਗਿਆਸੀ, ਜੋ ਕਿਸਾਨ ਕਾਨੂੰਨਾਂ ਦੇ ਵਿਰੁੱਧ ਹਨ। ਬੈਠਕ ਵਿੱਚ ਕਿਸਾਨ ਆਗੂ ਗੁਰਨਾਮ ਸਿੰਘ ਚੜੂੰਨੀ ਸਮੇਤ ਕਈ ਕਿਸਾਨ ਆਗੂ ਮੌਜੂਦ ਸਨ।ਉਨ੍ਹਾਂ ਦਾ ਕਹਿਣਾ ਹੈ ਕਿ 22-23 ਜਨਵਰੀ ਨੂੰ ਦਿੱਲੀਵਿੱਚ ਕਿਸਾਨਾਂ ਦੀ 'ਜਨ ਸੰਸਦ' (ਜਨਤਕ ਪਾਰਲੀਮੈਂਟ) ਹੋਵੇਗੀ, ਜਿਸਵਿੱਚ ਵਿਰੋਧੀ ਧਿਰਾਂ ਵੀ ਸਾਡਾ ਸਾਥ ਦੇਣਗੀਆਂ। ਸਿਆਸੀ ਆਗੂਆਂ ਨਾਲ ਕਿਸਾਨਾਂ ਦੀ ਇਹ ਬੈਠਕ ਚਰਚਾ ਵਿੱਚ ਆ ਗਈ ਹੈ।

# ਚੀਨ ਨੇ ਬ੍ਰਿਟਿਸ਼ ਓਵਰਸੀਜ਼ ਪਾਸਪੋਰਟ ਰੱਖਣ ਵਾਲਿਆਂ ਉੱਤੇ ਸ਼ਿਕੰਜਾ ਕੱਸਿਆ

## * ਅਮਰੀਕਾ ਨੇ ਚੀਨ ਨੂੰ ਚਿੜਾਉਣ ਲਈ ਤਿੱਬਤ ਬਾਰੇ ਕਾਨੂੰਨ ਬਣਾਇਆ

ਬੀਜਿੰਗ, 17 ਜਨਵਰੀ, (ਪੋਸਟ ਬਿਊਰੋ)- ਚੀਨ ਸਰਕਾਰ ਉਨ੍ਹਾਂ ਲੋਕਾਂ ਉੱਤੇ ਹਾਂਗਕਾਂਗ ਵਿੱਚ ਸਰਕਾਰੀ ਦਫ਼ਤਰਾਂਵਿੱਚ ਕੰਮ ਕਰਨ ਲਈ ਰੋਕ ਲਾਉਣ ਬਾਰੇ ਸੋਚ ਰਹੀ ਹੈ, ਜਿਨ੍ਹਾਂ ਕੋਲ ਬ੍ਰਿਟਿਸ਼ ਓਵਰਸੀਜ਼ ਪਾਸਪੋਰਟ ਹਨ।

ਸਾਊਥ ਚਾਈਨਾ ਮਾਰਨਿੰਗ ਪੋਸਟ ਦੇ ਮੁਤਾਬਕ ਜੇ ਇਹ ਨਿਯਮ ਲਾਗੂ ਹੋਵੇਗਾਤਾਂ ਕਈ ਵੱਡੇ ਅਫਸਰਾਂਅਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਮੁਸ਼ਕਲ ਹੋ ਸਕਦੀ ਹੈ। ਇਸ ਤੋਂ ਪਹਿਲਾਂ ਹਾਂਗਕਾਂਗ ਦੇ ਸੈਂਕੜੇ ਲੋਕਤੰਤਰ ਸਮਰਥਕ ਲੋਕਾਂ ਉੱਤੇਚੀਨ ਨਵੇਂ ਕੌਮੀ ਸੁਰੱਖਿਆ ਕਾਨੂੰਨ ਹੇਠ ਕਾਰਵਾਈ ਕਰ ਚੁੱਕਾ ਹੈ।ਅਖ਼ਬਾਰ ਦੇ ਮੁਤਾਬਕ ਦੇਸ਼ ਦੀ ਲਾਅ ਸੰਸਥਾ ਨੈਸ਼ਨਲ ਪੀਪਲਜ਼ ਕਾਂਗਰਸ ਸਟੈਂਡਿੰਗ ਕਮੇਟੀ ਦੀ ਇਸ ਬੁੱਧਵਾਰ ਨੂੰ ਹੋਣ ਵਾਲੀ ਬੈਠਕਵਿੱਚ ਇਸ ਬਾਰੇ ਵਿਚਾਰ ਕੀਤਾ ਜਾਵੇਗਾ। ਚੀਨ ਅਤੇ ਬ੍ਰਿਟੇਨਦਾ ਵਿਵਾਦ ਓਦੋਂਸ਼ੁਰੂ ਹੋਇਆ ਸੀ, ਜਦੋਂ ਬ੍ਰਿਟੇਨ ਨੇ ਪਿਛਲੇ ਸਾਲ ਜੁਲਾਈਵਿੱਚ ਐਲਾਨ ਕੀਤਾ ਸੀ ਕਿ ਉਹ ਹਾਂਗਕਾਂਗ ਦੇ ਲੋਕਾਂ ਨੂੰ ਬੀਐੱਨ ਓ (ਬ੍ਰਿਟਿਸ਼ ਨੈਸ਼ਨਲ ਓਵਰਸੀਜ਼) ਦਾ ਦਰਜਾ ਹੋਵ-ੇਗਾ, ਜਿਸ ਨਾਲ ਉੱਥੋਂ ਦੇ ਲੋਕਾਂ ਨੂੰ ਬ੍ਰਿਟਿਸ਼ ਨਾਗਰਿਕਤਾ ਦਾ ਰਸਤਾ ਮਿਲ ਜਾਵੇਗਾ। ਇਹ ਕਦਮ ਬ੍ਰਿਟੇਨ ਸਰਕਾਰ ਨੇ ਚੀਨ ਵੱਲੋਂ ਕੌਮੀ ਸੁਰੱਖਿਆ ਕਾਨੂੰਨ ਲਾਗੂ ਕੀਤੇ ਜਾਣ ਉੱਤੇ ਚੁੱਕਿਆ ਸੀ।

ਦੂਸਰੇ ਪਾਸੇ ਅਮਰੀਕਾ ਨੇ ਤਿੱਬਤ ਬਾਰੇ ਕਾਨੂੰਨ ਬਣਾ ਕੇ ਇਸ ਇਲਾਕੇ ਉੱਤੇ ਚੀਨ ਦੇ ਅਧਿਕਾਰ ਨੂੰ ਚੁਣੌਤੀ ਦੇ ਦਿੱਤੀ ਹੈ। ਚੀਨ ਏਥੇ 50 ਸਾਲ ਤੋਂ ਵੀ ਵੱਧ ਸਮੇਂ ਤੋਂ ਹਕੂਮਤ ਕਰ ਰਿਹਾ ਹੈ। ਤਿੱਬਤ ਦੇ ਅਧਿਆਤਮਕ ਗੁਰੂ ਦਲਾਈ ਲਾਮਾ ਨੇ ਭਾਰਤਵਿੱਚ ਸ਼ਰਣ ਲਈ ਹੋਈ ਹੈ ਤੇ ਉਨ੍ਹਾਂ ਦੀ ਸਰਪ੍ਰਸਤੀਵਿੱਚ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਤੋਂਤਿੱਬਤ ਸਰਕਾਰ ਆਪਣਾ ਕੰਮ ਚਲਾਉਣ ਦਾ ਦਾਅਵਾ ਕਰਦੀ ਹੈ।ਅਮਰੀਕਾ ਨੇ ਪਿੱਛੇ ਜਿਹੇ'ਦ ਤਿੱਬਤਨ ਪਾਲਿਸੀ ਐਂਡ ਸਪੋਰਟ ਐਕਟ' (ਟੀਪੀਐੱਸਏ) ਬਣਾ ਕੇ ਤਿੱਬਤ ਵਿੱਚ ਚੀਨ ਦੇ ਕਦਮ ਰੋਕਣ ਦੀ ਸ਼ੁਰੂਆਤ ਕੀਤੀ ਹੈ। ਓਦੋਂ ਪਹਿਲਾਂ ਤਿੱਬਤ ਸਰਕਾਰ ਦੇ ਪ੍ਰਧਾਨ ਮੰਤਰੀ ਨੂੰ ਅਮਰੀਕੀ ਵਿਦੇਸ਼ ਮੰਤਰਾਲੇ ਨੇ ਸੱਦਾ ਭੇਜ ਕੇ ਉਨ੍ਹਾਂ ਨਾਲ ਅਧਿਕਾਰਤ ਗੱਲਬਾਤਕੀਤੀ ਸੀ ਅਤੇ ਚੀਨ ਨੇ ਇਸ ਉੱਤੇ ਸਖ਼ਤ ਵਿਰੋਧ ਪ੍ਰਗਟਾਇਆ ਸੀ।

# ਖੇਤੀ ਮੰਤਰੀ ਨੇ ਫਿਰ ਕਿਹਾ: ਕਿਸਾਨ ਆਗੂ ਤਿੰਨੇ ਕਾਨੂੰਨ ਰੱਦ ਕਰਾਉਣ ਤੋਂ ਇਲਾਵਾ ਕੋਈ ਹੋਰ ਮੰਗ ਦੱਸਣ

ਨਵੀਂ ਦਿੱਲੀ, 17 ਜਨਵਰੀ, (ਪੋਸਟ ਬਿਊਰੋ)- ਜਦੋਂ ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਚੱਲਦਾ ਪਿਆ ਅਤੇ ਕਈ ਦੌਰ ਦੀ ਵਾਰਤਾ ਦਾ ਕੋਈ ਨਤੀਜਾ ਨਹੀਂ ਨਿਕਲਿਆ, ਓਦੋਂ 19 ਜਨਵਰੀ ਨੂੰ ਹੋਣ ਵਾਲੀ ਸਾਂਝੀ ਬੈਠਕ ਤੋਂ ਪਹਿਲਾਂ ਕੇਂਦਰੀ ਖੇਤੀ ਮੰਤਰੀ ਨਰਿੰ-ਦਰ ਸਿੰਘ ਤੋਮਰ ਨੇ ਕਿਹਾ ਹੈ ਕਿ ਸਰਕਾਰ ਕਾਨੂੰਨ ਬਣਾਉਂਦੀ ਹੈ ਤਾਂ ਪੂਰੇ ਦੇਸ਼ ਦੇ ਲਈ ਹੁੰਦਾ ਹੈ, ਦੇਸ਼ਵਿੱਚ ਕਿਸਾਨਾਂ, ਖੇਤੀ ਵਿਗਿਆਨਕਾਂ ਤੇ ਜਾਣਕਾਰਾਂ ਦਾ ਵੱਡਾ ਹਿੱਸਾ ਇਨ੍ਹਾਂ ਕਾਨੂੰਨਾਂ ਤੋਂਖੁਸ਼ ਹੈ, ਇਸ ਲਈ ਵਿਰੋਧ ਕਰਦੇ ਕਿਸਾਨਾਂ ਨੂੰ ਕਾਨੂੰਨ ਵਾਪਸ ਲੈਣ ਦੀ ਗੱਲ ਨਹੀਂ ਕਰਨੀ ਚਾਹੀਦੀ, ਇਸ ਤੋਂ ਇਲਾਵਾ ਉਨ੍ਹਾਂ ਦੀ ਕੋਈ ਵੀ ਮੰਗ ਜਾਂ ਵਿਰੋਧਤਾ ਹੈ ਤਾਂ ਸਰਕਾਰ ਖੁੱਲ੍ਹੇਮਨ ਨਾਲਗੱਲਬਾਤ ਲਈ ਤਿਆਰ ਹੈ।



ਖੇਤੀ ਮੰਤਰੀ ਤੋਮਰ ਨੇ ਕਿਹਾ ਕਿ ਜਦੋਂ ਸੁਪਰੀਮ ਕੋਰਟ ਨੇ ਤਿੰਨਾਂ ਖੇਤੀ ਕਾਨੂੰਨਾਂ ਉੱਤੇ ਅਮਲਰੋਕ ਦਿੱਤਾ ਹੈ ਤਾਂ ਵਿਰੋਧ ਪ੍ਰਦਰਸ਼ਨ ਜਾਰੀ ਰੱਖਣਾ ਠੀਕ ਨਹੀਂ। ਉਨ੍ਹਾ ਦੁਹਰਾਇਆ ਕਿ ਅਸੀਂ ਕਿਸਾਨ ਯੂਨੀਅਨਾਂ ਨੂੰ ਇਕ ਤਜਵੀਜ਼ ਭੇਜੀ ਸੀ ਕਿ ਸਰਕਾਰ ਮੰਡੀਆ, ਵਪਾਰੀਆਂ ਦੀ ਰਜਿਸਟ੍ਰੇਸ਼ਨ ਤੇ ਹੋਰ ਮੁੱਦਿਆਂ ਬਾਰੇ ਉਨ੍ਹਾਂ ਦੇ ਖਦਸ਼ੇ ਦੂਰ ਕਰਨਨੂੰ ਤਿਆਰ ਹੈ ਅਤੇ ਸਰਕਾਰ ਨੇ ਪਰਾਲੀ ਸਾੜਨ ਵਿਰੁੱਧ ਐਂਡ ਬਿਜਲੀ ਬਾਰੇ ਕਾਨੂੰਨਾਂ ਉੱਤੇਵਿਚਾਰਕਰਨ ਦੀ ਵੀ ਸਹਿਮਤੀ ਦਿੱਤੀਸੀ, ਪਰਕਿਸਾਨ ਆਗੂ ਸਿਰਫ਼ ਕਾਨੂੰਨਾਂ ਨੂੰ ਰੱਦ ਕਰਨਾ ਮੰਗਦੇ ਹਨ। ਬਹੁਤੇ ਕਿਸਾਨ ਤੇ ਮਾਹਿਰ ਇਨ੍ਹਾਂ ਖੇਤੀ ਕਾਨੂੰਨਾਂ ਦੇ ਪੱਖਵਿੱਚ ਹਨ ਅਤੇ ਸੁਪਰੀਮ ਕੋਰਟ ਦੇ ਆਦੇਸ਼ ਤੋਂ ਬਾਅਦ ਕਾਨੂੰਨਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ।




## ਅ ਅੱਜ ਨਾਮਾ >>

ਚੁੱਕੀਏ ਕਲਮ ਤਾਂ ਲਿਖਣ ਨੂੰ ਕੀ ਲਿਖੀਏ,
ਲਿਖਣੋਂ ਕਲਮ ਵੀ ਕਦਮ ਅਟਕਾਏ ਬੇਲੀ।
ਰੁਲਦਾ ਫਿਰਦਾ ਈ ਮੁਲਕ ਦਾ ਅੰਨ-ਦਾਤਾ,
ਉਹਦੀ ਸੁਣੀ ਫਰਿਆਦ ਨਹੀਂ ਜਾਏ ਬੇਲੀ।
ਪੈਲੀਆਂ ਛੱਡ ਉਹ ਦਿੱਲੀ ਦੇ ਬਾਹਰ ਬੈਠਾ,
ਦਿੱਲੀ ਅਜੇ ਤੱਕ ਤਰਸ ਨਹੀਂ ਖਾਏ ਬੇਲੀ।
ਘੋਗਲ ਕੰਨੀ ਜਿਹੀ ਬਣੀ ਸਰਕਾਰ ਲੱਗਦੀ,
ਅਸਲੀਅਤ ਨਾਲ ਨਾ ਨਜ਼ਰ ਮਿਲਾਏ ਬੇਲੀ।
ਲੰਮੀਆਂ ਤਾਣ ਕੇ ਸੁੱਤਾ ਪਿਆ ਲੋਕਤੰਤਰ,
ਬਣਿਆ ਚਾਕਰ ਆ ਵੱਡੇ ਘਰਾਣਿਆਂ ਦਾ।
ਹੋ ਗਏ ਕਾਬੂ ਤੋਂ ਬਾਹਰ ਹਾਲਾਤ ਜਿੰਦਣ,
ਆਖਿਆ ਆਊਗਾ ਯਾਦ ਸਿਆਣਿਆਂ ਦਾ।

ਤੀਸ ਮਾਰ ਖਾਂ

# ਸ਼ਹਿਰੀ ਚੋਣਾਂ ਨੇ ਪੰਜਾਬ ਦੇ ਭਾਜਪਾ ਆਗੂ ਹੋਰ ਵੀ ਕਸੂਤੇ ਫਸਾਏ

### * ਮਾਨਸਾ ਵਿੱਚ ਉਮੀਦਵਾਰ ਐਲਾਨਣ ਗਏ ਭਾਜਪਾ ਆਗੂ ਕਿਸਾਨਾਂ ਨੇ ਭਜਾਏ * ਬਨੂੜ ਵਿੱਚ ਵੀ ਭਾਜਪਾ ਆਗੂ ਗੱਡੀ ਛੱਡ ਕੇ ਭੱਜੇ

ਚੰਡੀਗੜ੍ਹ, 17 ਜਨਵਰੀ, (ਪੋਸਟ ਬਿਊਰੋ)- ਪੰਜਾਬ ਵਿੱਚ ਨਗਰ ਕੌਂਸਲ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋਣ ਨੇ ਭਾਜਪਾ ਦੇ ਆਗੂਆਂ ਨੂੰ ਹੋਰ ਕਸੂਤੇ ਫਸਾ ਦਿੱਤਾ ਹੈ। ਉਨ੍ਹਾਂ ਦੀ ਚੋਣ ਸਰਗਰਮੀ ਦਾ ਵੀ ਹਰ ਥਾਂ ਵਿਰੋਧ ਹੋਣ ਲੱਗ ਪਿਆ ਤੇ ਕਈ ਥਾਂ ਉਨ੍ਹਾਂ ਨੂੰ ਬੈਠਕਾਂ ਛੱਡ ਕੇ ਦੌੜਾਂ ਲਾਉਣੀਆਂ ਪੈਣ ਲੱਗੀਆਂ ਹਨ।

ਅੱਜ ਮਾਨਸਾ ਦੇ ਵਾਰਡ ਨੰਬਰ 27 ਵਿਖੇ ਭਾਜਪਾ ਦੇ ਇੱਕ ਸੰਭਾਵੀ ਉਮੀਦਵਾਰ ਦੇ ਹੱਕਵਿੱਚ ਆਏ ਭਾਜਪਾ ਦੇ ਨੇਤਾਵਾਂ ਦਾਕਿਸਾਨ ਜਥੇਬੰਦੀਆਂ ਨੇ ਤਿੱਖਾ ਵਿਰੋਧ ਕੀਤਾ ਤਾਂ ਭਾਜਪਾ ਆਗੂਆਂ ਨੂੰ ਉਥੋਂ ਭੱਜਣਾ ਪੈ ਗਿਆ।ਕਿਸਾਨਾਂ ਨੇ ਭਾਜਪਾ ਨੇਤਾਵਾਂ ਦੀਆਂ ਗੱਡੀਆਂ ਵਾਰਡ ਵਿੱਚ ਨਹੀਂ ਵੜਨ ਦਿੱਤੀਆਂ ਅਤੇ ਐਲਾਨ ਕੀਤਾ ਕਿ ਨਗਰ ਕੌਂਸਲ ਚੋਣਾਂ ਦੌਰਾਨ ਭਾਜਪਾ ਦੇ ਨਿਸ਼ਾਨ ਉੱਤੇ ਲੜਨ ਵਾਲੇ ਉਮੀਦਵਾਰਾਂ ਤੇ ਉਨ੍ਹਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਆਏ ਨੇਤਾਵਾਂ ਦਾ ਖੁੱਲ੍ਹਾ ਵਿਰੋਧ ਕੀਤਾ ਜਾਵੇਗਾ ਤੇ ਕਿਸੇ ਵੀ ਥਾਂ ਰੈਲੀ ਆਦਿ ਨਹੀਂ ਕਰ ਦਿੱਤੀ ਜਾਵੇਗੀ।ਅੱਜ ਸ਼ਹਿਰ ਦੇ ਵਾਰਡ ਨੰਬਰ 27 ਵਿੱਚ ਭਾਜਪਾ ਨੇ ਫਰਵਰੀ ਵਿੱਚ ਹੋ ਰਹੀਆਂ ਮਿਊਸਪਲ ਚੋਣਾਂ ਵਾਸਤੇ ਰੈਲੀ ਗਈ ਸੀ, ਜਿੱਥੇ ਕੁਝ ਭਾਜਪਾ ਆਗੂ ਆਏਤਾਂ ਕਿਸਾਨਾਂ ਨੇ ਤਿੱਖਾ ਵਿਰੋਧ ਕੀਤਾ ਤੇਇਸ ਦੇ ਬਾਅਦ ਭਾਜਪਾ ਆਗੂ ਸੂਰਜ ਛਾਬੜਾ ਤੇ ਹੋਰਾਂ ਨੂੰ ਆਪਣੀਆਂ ਕਾਰਾਂ ਤੇ ਮੋਟਰ ਸਾਈਕਲ ਓਥੇ ਛੱਡ ਕੇ ਕਾਹਲੀ ਵਿੱਚ ਭੱਜਣਾ ਪੈ ਗਿਆ। ਇਸ ਮੌਕੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰੈੱਸ ਸੈਕਟਰੀ ਐਡਵੋਕੇਟ ਬਲਕਰਨ ਸਿੰਘ ਬੱਲੀ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੀ ਲੀਡਰ ਐਡਵੋਕੇਟ ਬਲਬੀਰ ਕੌਰ, ਜਮਹੂਰੀ ਕਿਸਾਨ ਸਭਾ ਦੇ ਆਗੂ ਮੇਜਰ ਸਿੰਘ ਦੂਲੋਵਾਲ, ਭਾਰਤੀ ਕਿਸਾਨ ਯੂਨੀਅਨ ਮਾਨਸਾ ਦੇ ਲੀਡਰ ਤੇਜ਼ ਸਿੰਘ ਚਕੇਰੀਆਂ ਨੇ ਕਿਹਾ ਕਿ ਮੋਦੀ ਸਰਕਾਰ ਦੇ ਖੇਤੀ ਕਾਨੂੰਨ ਰੱਦ ਕਰਾਉਣ ਲਈ ਦਿੱਲੀ ਬਾਰਡਰਾਂ ਉੱਤੇ ਧਰਨਾ ਲੱਗਾ ਤੇਲਗਾਤਾਰ ਸ਼ਹੀਦੀਆਂ ਹੋ ਰਹੀਆਂ ਹਨ, ਪਰ ਮੌਤਾਂ ਦੀ ਜ਼ਿੰਮੇਵਾਰ ਭਾਜਪਾ ਪੰਜਾਬ ਵਿੱਚ ਮਿਉਂਸਪਲ ਚੋਣਾਂ ਲੜਨ ਲੱਗੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਇਨ੍ਹਾਂ ਚੋਣਾਂ ਵਿੱਚ ਰੈਲੀ ਕਰਨ ਆਵੇਗੀ ਤਾਂ ਉਸ ਦਾ ਹਾਲ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਰੈਲੀ ਵਾਲਾ ਹੋਵੇਗਾ।



ਓਧਰ ਚੰਡੀਗੜ੍ਹ ਨੇੜੇ ਬਨੂੜ ਨੇੜਲੇ ਪਿੰਡ ਧਰਮਗੜ੍ਹ ਵਿਖੇ ਮੀਟਿੰਗ ਕਰਨ ਆਏ ਭਾਜਪਾ ਆਗੂਆਂ ਨੂੰ ਕਿਸਾਨਾਂ ਦੇ ਵਿਰੋਧ ਕਾਰਨ ਆਪਣੀ ਗੱਡੀ ਛੱਡ ਕੇ ਮੋਟਰਸਾਈਕਲ ਉੱਤੇ ਬੈਠ ਕੇ ਖਿਸਕਣਾ ਪਿਆ। ਇਸ ਮੌਕੇ ਕਿਸਾਨਾਂ ਨੇ ਭਾਜਪਾ ਆਗੂਆਂ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪਿੰਡ ਧਰਮਗੜ੍ਹ ਦੇ ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਇਸ ਪਿੰਡ ਦੀ ਧਰਮਸ਼ਾਲਾ ਵਿੱਚ ਭਾਜਪਾ ਆਗੂਆਏ ਤੇਭਾਈ ਪਰਮਜੀਤ ਸਿੰਘ ਵੱਲੋਂ ਮੀਟਿੰਗ ਕੀਤੀ ਜਾਣੀ ਸੀ। ਜਦੋਂ ਭਾਜਪਾ ਆਗੂ ਆਪਣੀ ਕਾਰ ਵਿੱਚ ਪਿੰਡ ਦੀ ਧਰਮਸ਼ਾਲਾ ਵਿੱਚ ਪਹੁੰਚੇ ਤਾਂ ਪਿੰਡ ਵਿਚੋਂ ਵੱਡੀ ਗਿਣਤੀ ਵਿੱਚ ਨੌਜਵਾਨ, ਔਰਤਾਂ ਤੇ ਮਰਦ ਇਕੱਠੇ ਹੋ ਗਏ। ਇਸ ਦੀ ਸੂਚਨਾ ਪਿਛਲੇ ਸੌ ਦਿਨਾਂ ਤੋਂ ਅਜ਼ੀਜਪੁਰ ਟੋਲ ਪਲਾਜ਼ਾ ਧਰਨੇ ਉੱਤੇ ਬੈਠੇ ਕਿਸਾਨਾਂਤੱਕ ਪੁੱਜ ਗਈ ਅਤੇ ਉਹ ਵੀ ਆ ਗਏ।ਭਾਜਪਾ ਆਗੂ ਦੀ ਮੀਟਿੰਗ ਅਜੇ ਸ਼ੁਰੂ ਨਹੀ ਸੀ ਹੋਈ ਸੀ ਕਿ ਕਿਸਾਨਾਂ ਨੇ ਓਥੇ ਆਣ ਕੇ ਭਾਜਪਾ ਆਗੂਅਤੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਭਾਜਪਾ ਆਗੂਅਤੇ ਮੀਟਿੰਗ ਦੇ ਪ੍ਰਬੰਧਕਾਂ ਨੂੰ ਭਾਜੜਾਂ ਪੈ ਗਈਆਂ। ਪਿੰਡ ਵਾਸੀਆਂ ਨੇ ਦੱਸਿਆ ਕਿ ਭਾਰੀ ਵਿਰੋਧ ਦੇ ਕਾਰਨ ਭਾਜਪਾ ਆਗੂਬੈਠਕ ਕੀਤੇ ਬਿਨਾਂ ਹੀ ਮੋਟਰਸਾਈਕਲ ਉੱਤੇ ਸਵਾਰ ਹੋ ਕੇ ਨਿਕਲ ਗਏ ਅਤੇ ਆਪਣੀ ਕਾਰ ਵੀ ਓਥੇ ਛੱਡ ਗਏ।

# ਆਪਣੀ ਸੈਨੇਟ ਵਾਲੀ ਸੀਟ ਤੋਂ ਅੱਜ ਅਸਤੀਫਾ ਦੇਵੇਗੀ ਕਮਲਾ ਹੈਰਿਸ




ਵਾਸ਼ਿੰਗਟਨ, 17 ਜਨਵਰੀ (ਪੋਸਟ ਬਿਊਰੋ) : ਅਮਰੀਕਾ ਦੀ ਨਵੀਂ ਚੁਣੀ ਗਈ ਵਾਈਸ ਪ੍ਰੈਜ਼ੀਡੈਂਟ ਕਮਲਾ ਹੈਰਿਸ ਸੋਮਵਾਰ ਨੂੰ ਸੈਨੇਟ ਦੇ ਆਪਣੇ ਅਹੁਦੇ ਤੋਂ ਅਸਤੀਫਾ ਦੇਵੇਗੀ। ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਤੇ ਹੈਰਿਸ ਵੱਲੋਂ ਆਪਣੇ ਅਹੁਦੇ ਦੀ ਸੰਹੁ ਚੁੱਕੇ ਜਾਣ ਤੋਂ ਦੋ ਦਿਨ ਪਹਿਲਾਂ ਅਜਿਹਾ ਕੀਤਾ ਜਾਵੇਗਾ।

ਕੈਲੇਫੋਰਨੀਆ ਡੈਮੋਕ੍ਰੈਟ ਦੇ ਸਹਾਇਕਾਂ ਵੱਲੋਂ ਇਸ ਦੀ ਪੁਸ਼ਟੀ ਕੀਤੀ ਗਈ ਤੇ ਉਨ੍ਹਾਂ ਆਖਿਆ ਕਿ ਗਵਨਰ ਗੈਵਿਨ ਨਿਊਸਮ ਇਸ ਫੈਸਲੇ ਤੋਂ ਜਾਣੂ ਹਨ ਤੇ ਉਨ੍ਹਾਂ ਵੱਲੋਂ ਹੈਰਿਸ ਦੇ ਕਾਰਜਕਾਲ ਦੇ ਰਹਿੰਦੇ ਦੋ ਸਾਲ ਪੂਰੇ ਕਰਨ ਲਈ ਕੈਲੇਫੋਰਨੀਆ ਦੇ ਸੈਕਟਰੀ ਆਫ ਸਟੇਟ ਡੈਮੋਕ੍ਰੈਟ ਐਲੈਕਸ ਪੈਡੀਲਾ ਨੂੰ ਨਿਯੁਕਤ ਕੀਤਾ ਜਾਵੇਗਾ। ਪੈਡਿਲਾ ਕੈਲੇਫੋਰਨੀਆ ਤੋਂ ਪਹਿਲੇ ਲੈਟਿਨ ਸੈਨੇਟਰ ਹੋਣਗੇ, ਜਿਹੜੇ ਇਹ ਅਹੁਦਾ ਸਾਂਭਣਗੇ। ਨਿਊਸਮ ਨੇ ਆਪਣੀ ਪਸੰਦ ਦਸੰਬਰ ਵਿੱਚ ਉਦੋਂ ਜ਼ਾਹਿਰ ਕੀਤੀ ਸੀ ਜਦੋਂ ਦੇਸ਼ ਦੇ ਸੱਭ ਤੋਂ ਵੱਧ ਆਬਾਦੀ ਵਾਲੇ ਸਟੇਟ ਤੋਂ ਸੈਨੇਟ ਦੀ ਇਸ ਵਿਲੱਖਣ ਵਕੈਂਸੀ ਲਈ ਲਾਬਿੰਗ ਪੂਰੇ ਜ਼ੋਰਾਂ ਉੱਤੇ ਸੀ।

ਹੈਰਿਸ ਵੱਲੋਂ ਕੋਈ ਸੈਨੇਟ ਫੇਅਰਵੈੱਲ ਸਪੀਚ ਨਹੀਂ ਦਿੱਤੀ ਜਾਵੇਗੀ। ਮੰਗਲਵਾਰ ਤੱਕ ਸੈਨੇਟ ਦਾ ਸੈਸ਼ਨ ਨਹੀਂ ਸੱਦਿਆ ਜਾ ਰਿਹਾ। ਪੈਡੀਲਾ ਦੇ ਸੈਨੇਟ ਪਹੁੰਚਣ ਤੇ ਵਾਈਸ ਪ੍ਰੈਜ਼ੀਡੈਂਟ ਵਜੋਂ ਹੈਰਿਸ ਦੇ ਸੰਹੁ ਚੁੱਕੇ ਜਾਣ ਤੋਂ ਬਾਅਦ ਉਨ੍ਹਾਂ ਦੇ ਸੈਨੇਟ ਦਾ ਪ੍ਰੀਜ਼ਾਈਡਿੰਗ ਆਫੀਸਰ ਬਣਨ ਤੋਂ ਬਾਅਦ ਡੈਮੋਕ੍ਰੈਟਸ ਦਾ ਸੈਨੇਟ ਵਿੱਚ ਦਬਦਬਾ ਹੋ ਜਾਵੇਗਾ। ਪਰ ਪਾਰਟੀ ਨੂੰ ਅਜੇ ਵੀ 5 ਜਨਵਰੀ ਨੂੰ ਹੋਈਆਂ ਚੋਣਾਂ ਵਿੱਚ ਚੁਣੇ ਗਏ ਸੈਨੇਟਰ ਜੌਨ ਓਸੌਫ ਤੇ ਜਾਰਜੀਆ ਤੋਂ ਰਫੇਲ ਵਾਰਨੌਕ ਦੇ ਸੰਹੁ ਚੁੱਕੇ ਜਾਣ ਦੀ ਉਡੀਕ ਵੀ ਹੈ।

# ਚੀਨ ਵਿੱਚ ਹੁਣ ਆਈਸਕ੍ਰੀਮ ਉੱਤੇ ਮਿਲਿਆ ਕਰੋਨਾਵਾਇਰਸ



ਤਿਆਨਜ਼ਿਨ, 17 ਜਨਵਰੀ (ਪੋਸਟ ਬਿਊਰੋ) : ਪੂਰਬੀ ਚੀਨ ਵਿੱਚ ਤਿਆਰ ਕੀਤੀ ਜਾਣ ਵਾਲੀ ਆਈਸਕ੍ਰੀਮ ਉੱਤੇ ਕਰੋਨਾਵਾਇਰਸ ਪਾਏ ਜਾਣ ਤੋਂ ਬਾਅਦ ਉਸ ਬੈਚ ਦੇ ਸਾਰੇ ਕਾਰਟਨਜ਼ ਨੂੰ ਵਾਪਿਸ ਮੰਗਵਾ ਲਿਆ ਗਿਆ ਹੈ। ਇਹ ਜਾਣਕਾਰੀ ਸਰਕਾਰ ਵੱਲੋਂ ਦਿੱਤੀ ਗਈ।

ਸਿਟੀ ਦੀ ਸਰਕਾਰ ਵੱਲੋਂ ਜਾਰੀ ਕੀਤੇ ਬਿਆਨ ਮੁਤਾਬਕ ਬੀਜਿੰਗ ਦੇ ਨਾਲ ਲੱਗਦੇ ਤਿਆਨਜ਼ਿਨ ਵਿੱਚ ਦ ਡਾਕੀਆਓਡਾਓ ਫੂਡ ਕਾਰਪੋਰੇਸ਼ਨ ਲਿਮਟਿਡ ਨੂੰ ਸੀਲ ਕਰ ਦਿੱਤਾ ਗਿਆ ਹੈ ਤੇ ਇਸ ਦੇ ਮੁਲਾਜ਼ਮਾਂ ਦੀ ਜਾਂਚ ਕਰੋਨਾਵਾਇਰਸ ਲਈ ਕੀਤੀ ਜਾ ਰਹੀ ਹੈ।ਅਜੇ ਤੱਕ ਇਸ ਦੇ ਕੋਈ ਸਬੂਤ ਨਹੀਂ ਮਿਲੇ ਹਨ ਕਿ ਇਸ ਆਈਸਕ੍ਰੀਮ ਕਾਰਨ ਕੋਈ ਵਾਇਰਸ ਦੀ ਚਪੇਟ ਵਿੱਚ ਆਇਆ ਹੈ।

ਇਸ ਬੈਚ ਦੇ 29,000 ਕਾਰਟਨਜ਼ ਦੀ ਅਜੇ ਵਿੱਕਰੀ ਹੋਣੀ ਬਾਕੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਤਿਆਨਜ਼ਿਨ ਵਿੱਚ ਵੇਚੇ ਗਏ 390 ਕਾਰਟਨਜ਼ ਦਾ ਪਤਾ ਲਾ ਲਿਆ ਗਿਆ ਸੀ ਤੇ ਉਨ੍ਹਾਂ ਇਲਾਕਿਆਂ ਵਿੱਚ ਇਸ ਆਈਸਕ੍ਰੀਮ ਦੀ ਵਿੱਕਰੀ ਰੋਕਣ ਲਈ ਸਾਰਿਆਂ ਨੂੰ ਸੂਚਿਤ ਵੀ ਕਰ ਦਿੱਤਾ ਗਿਆ। ਸਰਕਾਰ ਨੇ ਦੱਸਿਆ ਕਿ ਇਹ ਆਈਸਕ੍ਰੀਮ ਤਿਆਰ ਕਰਨ ਲਈ ਨਿਊਜ਼ੀਲੈਂਡ ਮਿਲਕ ਪਾਊਡਰ ਤੇ ਯੂਕਰੇਨ ਦੇ ਵ੍ਹੇਅ ਪਾਊਡਰ ਦੀ ਵਰਤੋਂ ਕੀਤੀ ਗਈ ਸੀ।

# ਖਾਲਸਾ ਏਡ ਨੂੰ ਨੋਬਲ ਪੀਸ ਪ੍ਰਾਈਜ਼ ਦੇਣ ਦੀ ਟਿੰਮ ਉੱਪਲ ਨੇ ਕੀਤੀ ਸਿਫਾਰਿਸ਼

.....ਪੰਨਾ 1 ਦਾ ਬਾਕੀ

- 2013 ਵਿੱਚ ਉੱਤਰ ਪ੍ਰਦੇਸ਼ ਵਿੱਚ ਹੋਏ ਦੰਗਿਆਂ ਤੋਂ ਬਾਅਦ ਰਫਿਊਜੀ ਕੈਂਪਾਂ ਵਿੱਚ ਲਾਈਟਾਂ ਤੇ ਕੰਬਲ ਵੰਡੇ, 2013 ਵਿੱਚ ਫਿਲੀਪੀਨ ਵਿੱਚ ਆਏ ਟਾਇਫੂਨ ਹਾਇਐਨ ਦੇ ਪੀੜਤਾਂ ਲਈ ਰਾਹਤ ਕਾਰਜ ਚਲਾਇਆ ਤੇ ਉਨ੍ਹਾਂ ਦੀ ਮਦਦ ਲਈ ਨਵੀਆਂ ਕਿਸ਼ਤੀਆਂ ਤੇ ਉਸਾਰੀ ਵਾਲੀ ਸਮੱਗਰੀ ਮੁਹੱਈਆ ਕਰਵਾਈ
- 2014 ਵਿੱਚ ਯੂਕੇ ਵਿੱਚ ਆਏ ਹੜ੍ਹਾਂ ਦੌਰਾਨ 600 ਟੰਨ ਸੈਂਡ ਬੈਗਜ਼, ਵਾਲੰਟੀਅਰ ਟੀਮਾਂ ਤੇ ਸੈਨੀਟੇਸ਼ਨ-ਹਾਈਜੀਨ ਆਈਟਮਾਂ ਮੁਹੱਈਆ ਕਰਵਾਈਆਂ
- 2014 ਵਿੱਚ ਲੈਬਨਾਨ ਦੇ ਰਫਿਊਜੀਆਂ ਲਈ ਰਾਹਤ ਟੀਮਾਂ ਭੇਜੀਆਂ, ਸਕੂਲ ਜਾਣ ਵਾਲੇ ਬੱਚਿਆਂ ਲਈ ਐਜੂਕੇਸ਼ਨ ਸਪਲਾਈ ਤੇ ਸਰਦੀਆਂ ਲਈ ਫਾਇਰ ਵੁੱਡ ਦਾ ਇੰਤਜ਼ਾਮ ਕਰਵਾਇਆ
- ਯੂਗਾਂਡਾ ਦੀ ਹਿੰਸਾ ਤੋਂ ਭੱਜਣ ਵਾਲੇ ਤੇ ਸੁਡਾਨੀ ਰਫਿਊਜੀ ਕੈਂਪਾਂ ਵਿੱਚ ਪਨਾਹ ਲੈਣ ਵਾਲਿਆਂ ਲਈ 85 ਡੈਸਕ, ਅਕਾਦਮਿਕ ਸਮੱਗਰੀ ਮੁਹੱਈਆ ਕਰਵਾਉਣ ਦੇ ਨਾਲ ਨਾਲ ਇਹ ਯਕੀਨੀ ਬਣਾਇਆ ਕਿ ਬੱਚੇ ਸਿੱਖਿਆ ਹਾਸਲ ਕਰ ਸਕਣ
- 2014 ਵਿੱਚ ਬੋਸਨੀਆ ਵਿੱਚ ਆਏ ਹੜ੍ਹਾਂ ਦੌਰਾਨ 10,000 ਸੈਂਡਬੈਗ ਦਾਨ ਕੀਤੇ, ਹੜ੍ਹਾਂ ਨੂੰ ਰੋਕਣ ਦੇ ਪ੍ਰਬੰਧ ਕੀਤੇ, ਘਰਾਂ ਦੀ ਮੁੜ ਉਸਾਰੀ ਤੇ ਮੁਰੰਮਤ ਕਰਵਾਈ
- ਸੀਰੀਆ ਵਿੱਚ ਰਫਿਊਜੀਆਂ ਲਈ ਯੇਜ਼ਿਦੀ ਡਾਇਟ ਮੁਹੱਈਆ ਕਰਵਾਉਣ ਵਾਲੀ ਇੰਡਸਟਰੀਅਲ ਪੱਧਰ ਦੀ ਬੇਕਰੀ ਮੁੜ ਕਾਇਮ ਕਰਨ ਲਈ ਫੰਡ ਮੁਹੱਈਆ ਕਰਵਾਏ
- 2014 ਵਿੱਚ ਆਈਐਸਆਈਐਸ ਦੇ ਸਿਰ ਚੁੱਕਣ ਮੌਕੇ ਇਰਾਕ ਵਿੱਚ ਬੇਘਰ ਹੋਏ ਸਿੱਖਾਂ ਦੀ ਮਦਦ ਕੀਤੀ
- 2014 ਵਿੱਚ ਸਹਾਰਨਪੁਰ ਵਿੱਚ ਹੋਏ ਦੰਗਿਆਂ ਦੇ ਪੀੜਤਾਂ ਦੀ ਮਦਦ ਲਈ ਸਪੋਰਟ ਪ੍ਰੋਜੈਕਟ ਚਲਾਇਆ
- 2014 ਵਿੱਚ ਜੰਮੂ ਤੇ ਕਸ਼ਮੀਰ ਵਿੱਚ ਆਏ ਹੜ੍ਹਾਂ ਤੋਂ ਬਾਅਦ ਐਮਰਜੰਸੀ ਰਾਹਤ ਸਮੱਗਰੀ ਜਿਵੇਂ ਕਿ ਪੀਣ ਵਾਲਾ ਸਾਫ ਪਾਣੀ, ਖਾਣਾ ਤੇ ਸੈਨੀਟਰੀ ਆਈਟਮਾਂ ਮੁਹੱਈਆ ਕਰਵਾਉਣ ਦੇ ਨਾਲ ਨਾਲ ਉੱਥੇ ਫਸੇ ਲੋਕਾਂ ਨੂੰ ਬਚਾਉਣ ਲਈ ਸਰਕਾਰ ਦੀ ਮਦਦ ਕੀਤੀ
- 2014 ਵਿੱਚ ਵਿਸ਼ਾਖਾਪਟਨਮ ਵਿੱਚ ਆਏ ਚਕ੍ਰਵਾਤ ਕਾਰਨ ਨੁਕਸਾਨੇ ਘਰਾਂ ਨੂੰ ਮੁੜ ਉਸਾਰਨ ਵਿੱਚ ਮਦਦ ਕੀਤੀ।
- 2015 ਵਿੱਚ ਆਸਟਰੇਲੀਆ ਵਿੱਚ ਮਾਰਸੀਆ ਚਕ੍ਰਵਾਤ ਪੀੜਤਾਂ ਦੀ ਮਦਦ ਲਈ ਅਹਿਮ ਸਮੱਗਰੀ ਮੁਹੱਈਆ ਕਰਵਾਈ
- 2015 ਵਿੱਚ ਮਾਲਾਵੀ ਵਿੱਚ ਆਏ ਹੜ੍ਹਾਂ ਲਈ ਪਾਣੀ ਦੇ ਸਥਾਈ ਸਰੋਤ ਦਾ ਪ੍ਰਬੰਧ ਕਰਵਾਇਆ
- 2015 ਵਿੱਚ ਨੇਪਾਲ ਵਿੱਚ ਆਏ ਭੂਚਾਲ ਤੋਂ ਬਾਅਦ ਰੋਜ਼ਾਨਾ 10,000 ਮੀਲਜ਼, ਅਸਥਾਈ ਸ਼ੈਲਟਰ, ਮਲਬੇ ਨੂੰ ਹਟਾਉਣ ਤੇ 10 ਟੰਨ ਦੀ ਹੋਰ ਅਹਿਮ ਸਮੱਗਰੀ ਜਿਵੇਂ ਕਿ ਮੈਡੀਕਲ ਤੇ ਫੂਡ ਸਪਲਾਈ ਮੁਹੱਈਆ ਕਰਵਾਈ
- 2015 ਵਿੱਚ ਯਮਨ ਵਿੱਚ ਖਾਨਾਜੰਗੀ ਦੇ ਸ਼ਿਕਾਰ ਲੋਕਾਂ ਨੂੰ ਖਾਣਾ ਮੁਹੱਈਆ ਕਰਵਾਇਆ
- 2015 ਵਿੱਚ ਯੂਕੇ ਵਿੱਚ ਆਏ ਹੜ੍ਹਾਂ ਤੋਂ ਬਾਅਦ ਲੋਕਾਂ ਨੂੰ ਗਰਮ ਖਾਣਾ ਮੁਹੱਈਆ ਕਰਵਾਉਣ ਦੇ ਨਾਲ ਨਾਲ ਸੈਂਡਬੈਗਜ਼ ਤੇ ਕਲੀਨਿੰਗ ਮਟੀਰੀਅਲ ਵੀ ਮੁਹੱਈਆ ਕਰਵਾਇਆ
- 2016 ਵਿੱਚ ਗ੍ਰੀਕ ਰਫਿਊਜੀ ਸੰਕਟ ਤੋਂ ਬਾਅਦ ਯੂਰਪ ਭਰ ਵਿੱਚ ਰਫਿਊਜੀਆਂ ਦੀ ਮਦਦ ਲਈ ਖਾਣਾ, ਪਾਣੀ, ਸਾਫ ਕੱਪੜੇ, ਮੈਡੀਕਲ ਮਦਦ ਤੇ ਟਰਾਂਸਲੇਸ਼ਨ ਸੇਵਾਵਾਂ ਮੁਹੱਈਆ ਕਰਵਾਈਆਂ।

ਖਾਲਸਾ ਏਡ ਇੰਟਰਨੈਸ਼ਨਲ ਸਿੱਖ ਵਿਚਾਰਧਾਰਾ ਸਰਬੱਤ ਦਾ ਭਲਾ ਦੇ ਆਧਾਰ ਉੱਤੇ ਚੱਲਦੀ ਹੈ, ਜਿਸ ਤਹਿਤ ਕਿਸੇ ਵੀ ਮਨੁੱਖ ਦੀ ਜਾਤ, ਧਰਮ, ਨਸਲ ਜਾਂ ਸਰਹੱਦਾਂ ਦੀ ਫਿਕਰ ਕੀਤੇ ਬਿਨਾਂ ਮਨੁੱਖਤਾ ਦੀ ਮਦਦ ਦਾ ਹੋਕਾ ਦਿੱਤਾ ਗਿਆ ਹੈ। ਅੱਜ ਖਾਲਸਾ ਏਡ ਵਰਗੀ ਨੁਮਾਇੰਦਗੀ ਦੀ ਹੀ ਪੂਰੀ ਦੁਨੀਆ ਨੂੰ ਲੋੜ ਹੈ। ਪਿਛਲੇ ਸਾਲ ਪੂਰੀ ਦੁਨੀਆਂ ਨੂੰ ਜਿਸ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ ਉਸ ਦੌਰਾਨ ਵੀ ਖਾਲਸਾ ਏਡ ਵੱਲੋਂ ਹਜ਼ਾਰਾਂ ਲੋਕਾਂ ਦੀ ਮਦਦ ਕੀਤੀ ਗਈ। ਦਿੱਲੀ ਦੇ ਬਾਰਡਰ ਉੱਤੇ ਬੈਠੇ ਕਿਸਾਨ ਅੰਦੋਲਨ ਦੇ ਹਜ਼ਾਰਾਂ ਮੁਜ਼ਾਹਰਾਕਾਰੀਆਂ ਦੀ ਮਦਦ ਲਈ ਸ਼ੈਲਟਰ, ਕੱਪੜੇ, ਖਾਣਾ, ਪਾਣੀ, ਫਰਸਟ ਏਡ ਕਿੱਟਸ, ਹਾਈਜੀਨ ਪ੍ਰੋਡਕਟਸ ਤੇ ਫਾਇਰ ਐਕਸਟਿੰਗੁਇਸ਼ਰ ਤੱਕ ਮੁਹੱਈਆ ਕਰਵਾਏ ਗਏ ਹਨ। ਬੈਰੂਤ ਵਿੱਚ ਹੋਏ ਧਮਾਕੇ ਤੋਂ ਬਾਅਦ ਖਾਲਸਾ ਏਡ ਨੇ ਲੋਕਲ ਅਧਿਕਾਰੀਆਂ ਨਾਲ ਰਲ ਕੇ ਮੈਡੀਕਲ ਸਪਲਾਈ ਦੇ ਨਾਲ ਨਾਲ ਹੋਰ ਜ਼ਰੂਰੀ ਸਪਲਾਈ ਵੀ ਉੱਥੋਂ ਤੱਕ ਪੁੱਜਦੀ ਕੀਤੀ। ਮਹਾਂਮਾਰੀ ਦੌਰਾਨ ਖਾਲਸਾ ਏਡ ਨੇ ਲੋੜਵੰਦਾਂ ਨੂੰ ਖਾਣਾ, ਕੱਪੜੇ ਤੇ ਸ਼ੈਲਟਰ ਤੱਕ ਮੁਹੱਈਆ ਕਰਵਾਇਆ। ਕੋਵਿਡ 19 ਮਹਾਂਮਾਰੀ ਦੀ ਸ਼ੁਰੂਆਤ ਤੋਂ ਹੀ ਹਰ ਐਤਵਾਰ ਕੈਨੇਡੀਅਨਾਂ ਦੀ ਮਦਦ ਲਈ ਖਾਲਸਾ ਏਡ ਵੱਲੋਂ ਲੋੜਵੰਦਾਂ ਨੂੰ ਗਰੋਸਰੀ ਮੁਹੱਈਆ ਕਰਵਾਈ ਜਾ ਰਹੀ ਹੈ। ਹਸਪਤਾਲ ਵਿੱਚ ਕੰਮ ਕਰਨ ਵਾਲੇ ਲੋਕਲ ਹੀਰੋਜ ਲਈ ਵੀ ਖਾਣੇ ਦਾ ਪ੍ਰਬੰਧ ਕਰਵਾਇਆ ਜਾਂਦਾ ਹੈ। ਸਾਡੀ ਸਾਲਾਨਾ ਰੁੱਖ ਲਾਉਣ ਦੀ ਮੁਹਿੰਮ ਵਿੱਚ ਖਾਲਸਾ ਏਡ ਵੱਧ ਚੜ੍ਹ ਕੇ ਹਿੱਸਾ ਲੈਂਦੀ ਹੈ।

ਟਿੰਮ ਉੱਪਲ ਨੇ ਨੋਬਲ ਐਵਾਰਡ ਦੇਣ ਵਾਲੀ ਕਮੇਟੀ ਨੂੰ ਕੀਤੀ ਸਿਫਾਰਿਸ ਵਿੱਚ ਖਾਲਸਾ ਏਡ ਵੱਲੋਂ ਕੀਤੇ ਉਕਤ ਕੰਮਾਂ ਦਾ ਵੇਰਵਾ ਦਿੰਦਿਆਂ ਆਖਿਆ ਕਿ ਉਮੀਦ ਹੈ ਕਿ ਮਾਨਵਤਾ ਲਈ ਕੰਮ ਕਰਨ ਵਾਲੀ ਇਸ ਏਜੰਸੀ ਦੇ ਕੰਮ ਨੂੰ ਵਿਚਾਰਿਆ ਜਾਵੇਗਾ ਤੇ ਨੋਬਲ ਪੀਸ ਪ੍ਰਾਈਜ਼ ਲਈ ਸਾਡੀ ਸਿਫਾਰਿਸ਼ ਉੱਤੇ ਗੌਰ ਕੀਤਾ ਜਾਵੇਗਾ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਕੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਕੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com


A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਨਿਆਂ ਪਾਲਿਕਾ ਦੇ ਅਕਸ ਨੂੰ ਖੋਰਾ ਨਹੀਂ ਲੱਗਣਾ ਚਾਹੀਦਾ, ਪਰ...



ਜਤਿੰਦਰ ਪੰਨੂ

ਸਾਰਾ ਭਾਰਤ ਦੇਸ਼ ਜਦੋਂ ਇਹ ਕਹਿ ਰਿਹਾ ਹੈ ਕਿ ਸਾਨੂੰ ਦੇਸ਼ ਦੀ ਨਿਆਂ ਪਾਲਿਕਾ ਉੱਤੇ ਪੂਰਾ ਭਰੋਸਾ ਹੈ ਤਾਂ ਸਾਡੇ ਵਰਗਾ ਇੱਕ ਬੰਦਾ ਇਹ ਗੱਲ ਕਹੇ ਜਾਂ ਨਾ ਕਹੇ, ਇਸ ਨਾਲ ਕੋਈ ਖਾਸ ਫਰਕ ਨਹੀਂ ਪੈਂਦਾ। ਅਸੀਂ ਇਹ ਬੜੀ ਵਾਰ ਸੁਣ ਚੁੱਕੇ ਹਾਂ ਕਿ ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਵਿਖਾਉਣ ਦੇ ਹੋਰ ਹੋਇਆ ਕਰਦੇ ਹਨ। ਭਾਰਤ ਦੀ ਨਿਆਂ ਪਾਲਿਕਾ ਵਾਸਤੇ ਪੂਰਨ ਭਰੋਸੇ ਦੀਆਂ ਗੱਲਾਂ ਕਹਿਣ ਵਾਲੇ ਸਿਆਸੀ ਆਗੂਆਂ ਬਾਰੇ ਵੀ ਅਸੀਂ ਇਹੋ ਗੱਲ ਕਹਿ ਸਕਦੇ ਹਾਂ, ਜਿਹੜੇ ਭਰੋਸਾ ਵੀ ਪ੍ਰਗਟ ਕਰਦੇ ਹਨ ਅਤੇ ਮੌਕਾ ਮਿਲੇ ਤਾਂ ਇਸ ਨੂੰ ਆਪਣੀਆਂ ਖਾਹਿਸ਼ਾਂ ਲਈ ਵਰਤਣ ਵਿੱਚ ਕਿਸੇ ਵੀ ਹੱਦ ਨੂੰ ਉਲੰਘ ਸਕਦੇ ਹਨ। ਗੱਲ ਨਿਰੀ ਏਥੋਂ ਤੱਕ ਸੀਮਤ ਨਹੀਂ, ਸਾਡੇ ਕੋਲ ਏਦਾਂ ਦੀਆਂ ਕਈ ਮਿਸਾਲਾਂ ਵੀ ਹਨ, ਜਿੱਥੇ ਪੂੰਜੀਪਤੀਆਂ ਦੇ ਹਿੱਤਾਂ ਵਾਸਤੇ ਜਾਂ ਖੁਦ ਆਪਣੀਆਂ ਜੇਬਾਂ ਭਰਨ ਵਾਸਤੇ ਨਿਆਂ ਪਾਲਿਕਾ ਨਾਲ ਜੁੜੇ ਹੋਏ ਲੋਕਾਂ ਨੇ ਹੱਦਾਂ ਉਲੰਘਣ ਦੀ ਉਹ ਗਲਤੀ ਕੀਤੀ ਸੀ, ਜਿਹੜੀ ਉਨ੍ਹਾਂ ਦੇ ਅਕਸ ਲਈ ਵੀ ਅਤੇ ਨਿਆਂ ਪਾਲਿਕਾ ਲਈ ਵੀ ਮਾੜੀ ਸਾਬਤ ਹੋਈ ਸੀ।

ਇਹ ਕਿੱਸਾ ਅਸੀਂ ਇਸ ਵੇਲੇ ਇਸ ਲਈ ਛੋਹਿਆ ਹੈ ਕਿ ਗਿਆਰਾਂ ਤੇ ਬਾਰਾਂ ਜਨਵਰੀ ਨੂੰ ਸੁਪਰੀਮ ਕੋਰਟ ਵਿੱਚ ਜਿਵੇਂ ਸੁਣਵਾਈ ਹੋਈ ਅਤੇ ਜੋ ਕੁਝ ਸਾਹਮਣੇ ਆਇਆ, ਉਸ ਨਾਲ ਬਹੁਤ ਸਾਰੇ ਲੋਕਾਂ ਦੇ ਮਨਾਂ ਨੂੰ ਧੱਕਾ ਲੱਗਾ ਹੈ। ਇਸ ਸੁਣਵਾਈ ਦੇ ਪਹਿਲੇ ਦਿਨ ਜੱਜ ਸਾਹਿਬਾਨ ਨੇ ਸਰਕਾਰ ਨੂੰ ਏਨੀਆਂ ਝਾੜਾਂ ਅਤੇ ਫਿਟਕਾਰਾਂ ਪਾਈਆਂ ਕਿ ਸਰਕਾਰੀ ਧਿਰ ਦੇ ਵਕੀਲਾਂ ਨੂੰ ਪਸੀਨਾ ਆਈ ਜਾਂਦਾ ਸੀ ਤੇ ਅਗਲੇ ਦਿਨ ਇਸ ਤੋਂ ਉਲਟ ਅਦਾਲਤ ਨੇ ਕਿਸਾਨੀ ਮਸਲਿਆਂ ਦੇ ਹੱਲ ਲਈ ਏਦਾਂ ਦੀ ਚਾਰ ਮੈਂਬਰੀ ਕਮੇਟੀ ਬਣਾ ਦਿੱਤੀ, ਜਿਸ ਵਿੱਚ ਚਾਰੇ ਜਣੇ ਸਰਕਾਰ ਦੇ ਤਰਫਦਾਰ ਸਨ। ਕੋਈ ਜਣਾ ਅਜੇ ਕੁਝ ਦਿਨ ਪਹਿਲਾਂ ਪੁਆੜੇ ਦੀ ਜੜ੍ਹ ਬਣੇ ਖੇਤੀਬਾੜੀ ਕਾਨੂੰਨਾਂ ਦੀ ਹਮਾਇਤ ਵਿੱਚ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਖੁਦ ਲੋਕਾਂ ਵਿੱਚ ਬੁਰਾ ਬਣ ਚੁੱਕਾ ਸੀ, ਕੋਈ ਇਨ੍ਹਾਂ ਕਾਨੂੰਨਾਂ ਦੇ ਪੱਖ ਵਿੱਚ ਅਖਬਾਰਾਂ ਵਿੱਚ ਲੇਖ ਲਿਖ ਚੁੱਕਾ ਸੀ ਅਤੇ ਇਕ ਜਣਾ ਤਾਂ ਕਾਨੂੰਨ ਬਣਾਉਣ ਵਿੱਚ ਵੀ ਕਿਸੇ ਤਰ੍ਹਾਂ ਸ਼ਾਮਲ ਹੋ ਚੁੱਕਾ ਸੀ। ਉਨ੍ਹਾਂ ਦੀ ਕਮੇਟੀ ਨੂੰ ਕਿਸਾਨ ਮੰਨ ਹੀ ਨਹੀਂ ਸੀ ਸਕਦੇ।

ਅਸੀਂ ਇਹ ਮੁੱਦਾ ਏਥੇ ਛੱਡ ਸਕਦੇ ਹਾਂ ਅਤੇ ਇਹੋ ਜਿਹੀ ਕੋਈ ਗੱਲ ਨਹੀਂ ਕਹਿਣਾ ਚਾਹੁੰਦੇ ਕਿ ਜੱਜ ਸਾਹਿਬਾਨ ਨੇ ਇਹ ਕਮੇਟੀ ਕਿਸ ਦੇ ਕਹਿਣ ਉੱਤੇ ਬਣਾਈ ਹੈ, ਪਰ ਲੋਕਾਂ ਵਿੱਚ ਇਸ ਨਾਲ ਪ੍ਰਭਾਵ ਚੰਗਾ ਨਹੀਂ ਪੈ ਸਕਿਆ। ਅੱਗੋਂ ਜੱਜ ਸਾਹਿਬਾਨ ਨੇ ਇਸ ਬਾਰੇ ਕੀ ਕਾਰਵਾਈ ਕਰਨੀ ਹੈ, ਕਿਸ ਮਸਲੇ ਨੂੰ ਕਿੱਦਾਂ ਨਿਪਟਾਉਣਾ ਹੈ, ਉਸ ਦੀ ਗੱਲ ਓਦੋਂ ਵਿਚਾਰੀ ਜਾਵੇਗੀ, ਹਾਲ ਦੀ ਘੜੀ ਸਭ ਦਾ ਧਿਆਨ ਸਰਕਾਰ ਅਤੇ ਕਿਸਾਨਾਂ ਵਿਚਾਲੇ ਸੰਘਰਸ਼ ਵੱਲ ਹੈ।

ਉਂਜ ਨਿਆਂ ਪਾਲਿਕਾ ਦਾ ਅਕਸ ਜਿਸ ਤਰ੍ਹਾਂ ਕਿਸੇ ਕਿੰਤੂ ਤੋਂ ਉੱਪਰ ਹੋਣਾ ਚਾਹੀਦਾ ਹੈ, ਭਾਰਤ ਵਿੱਚ ਸਥਿਤੀ ਓਨੇ ਸਪੱਸ਼ਟ ਅਕਸ ਵਾਲੀ ਬੀਤੇ ਸਾਲਾਂ ਵਿੱਚ ਨਹੀਂ ਰਹੀ। ਏਥੇ ਕਈ ਕੇਸ ਇਸ ਤਰ੍ਹਾਂ ਦੇ ਵਾਪਰਦੇ ਰਹੇ ਹਨ, ਜਦੋਂ ਕਿਸੇ ਜੱਜ ਉੱਤੇ, ਅਤੇ ਉਹ ਵੀ ਹੇਠਲੇ ਪੱਧਰ ਦੇ ਨਹੀਂ, ਸਿਖਰਲੀ ਅਦਾਲਤ ਦੇ ਜੱਜਾਂ ਉੱਤੇ ਦੋਸ਼ ਲੱਗੇ ਅਤੇ ਪਾਰਲੀਮੈਂਟ ਵਿੱਚ ਉਨ੍ਹਾਂ ਵਿਰੁੱਧ ਮਹਾਂਦੋਸ਼ ਮਤਾ ਪੇਸ਼ ਹੋਣ ਤੱਕ ਗੱਲ ਗਈ ਸੀ। ਜਸਟਿਸ ਰਾਮਾਸਵਾਮੀ ਸੁਪਰੀਮ ਕੋਰਟ ਦਾ ਜੱਜ ਹੁੰਦਾ ਸੀ, ਜਦੋਂ ਉਸ ਦੇ ਵਿਰੁੱਧ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਨੇ ਗੱਲ ਚੁੱਕੀ ਤੇ ਓਸੇ ਦਿਨ ਚੀਫ ਜਸਟਿਸ ਨੇ ਇੱਕ ਬਿਆਨ ਜਾਰੀ ਕਰ ਕੇ ਆਪਣੇ ਸਾਥੀ ਜਸਟਿਸ ਰਾਮਾਸਵਾਮੀ ਨੂੰ ਅਦਾਲਤੀ ਕੰਮ ਤੋਂ ਪਰੇ ਰਹਿਣ ਨੂੰ ਕਹਿ ਦਿੱਤਾ ਸੀ ਤੇ ਫਿਰ ਇਹ ਕੇਸ ਲੋਕ ਸਭਾ ਵਿੱਚ ਮਹਾਂਦੋਸ਼ ਦੀ ਕਾਰਵਾਈ ਲਈ ਗਿਆ ਸੀ। ਓਥੇ ਜਾ ਕੇ ਰਾਮਾਸਵਾਮੀ ਇਸ ਲਈ ਬਚਣ ਵਿੱਚ ਸਫਲ ਹੋ ਗਿਆ ਕਿ ਭ੍ਰਿਸ਼ਟਾਚਾਰ ਦਾ ਭੜੋਲਾ ਗਿਣੇ ਜਾਂਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਤੱਕ ਪਹੁੰਚ ਕਰ ਕੇ ਉਸ ਨੇ ਕਾਂਗਰਸੀ ਮੈਂਬਰਾਂ ਨੂੰ ਵੋਟਾਂ ਨਾ ਪਾਉਣ ਨੂੰ ਮਨਾ ਲਿਆ ਸੀ। ਕੋਲਕਾਤਾ ਹਾਈ ਕੋਰਟ ਦੇ ਜੱਜ ਸੌਮਿਤਰਾ ਸੇਨ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਨੰਗੇ-ਚਿੱਟੇ ਦੋਸ਼ਾਂ ਪਿੱਛੋਂ ਪਾਰਲੀਮੈਂਟ ਦੇ ਉੱਪਰਲੇ ਹਾਊਸ ਰਾਜ ਸਭਾ ਦੇ ਅਠਵੰਜਾ ਮੈਂਬਰਾਂ ਨੇ ਮਹਾਂਦੋਸ਼ ਦਾ ਮਤਾ ਜਦੋਂ ਪੇਸ਼ ਕੀਤਾ ਤਾਂ ਇਸ ਉੱਤੇ ਬਹਿਸ ਪਿੱਛੋਂ 189 ਮੈਂਬਰਾਂ ਨੇ ਮਤੇ ਦੇ ਹੱਕ ਵਿੱਚ ਤੇ ਸਿਰਫ 17 ਨੇ ਜਸਟਿਸ ਸੌਮਿਤਰਾ ਸੇਨ ਨੂੰ ਬਚਾਉਣ ਵਾਸਤੇ ਵੋਟ ਪਾਈ ਸੀ। ਉਸ ਦੇ ਬਾਅਦ ਇਹ ਮਤਾ ਲੋਕ ਸਭਾ ਵਿੱਚ ਜਾਣਾ ਸੀ, ਪਰ ਕਾਰਵਾਈ ਅੱਗੇ ਵਧਣ ਅਤੇ ਲੋਕਾਂ ਵਿੱਚ ਹੋਰ ਖੇਹ ਉਡਾਉਣ ਤੋਂ ਪਹਿਲਾਂ ਜਸਟਿਸ ਸੌਮਿਤਰਾ ਸੇਨ ਅਸਤੀਫਾ ਦੇ ਕੇ ਆਪਣੇ ਘਰ ਨੂੰ ਤੁਰ ਗਿਆ ਸੀ। ਫਿਰ ਵੀ ਇਹ ਕੇਸ ਭ੍ਰਿਸ਼ਟਾਚਾਰ ਦੇ ਸਨ, ਸਿੱਧੇ ਪੱਖਪਾਤ ਦਾ ਕਿਸੇ ਤਰ੍ਹਾਂ ਦਾ ਦੋਸ਼ ਨਹੀਂ ਸੀ ਲੱਗਾ।

ਇਹੋ ਜਿਹਾ ਦੋਸ਼ ਇੱਕ ਜੱਜ ਜਸਟਿਸ ਏ ਐੱਚ ਅਹਿਮਦੀ ਉੱਤੇ ਲੱਗਾ ਸੀ, ਜਿਨ੍ਹਾਂ ਨੇ ਭੋਪਾਲ ਗੈਸ ਕਾਂਡ ਦਾ ਕੇਸ ਸੁਣਦੇ ਸਮੇਂ ਹਜ਼ਾਰਾਂ ਲੋਕਾਂ ਦੀ ਮੌਤ ਵਾਸਤੇ ਜਾਂਚ ਏਜੰਸੀ ਸੀ ਬੀ ਆਈ ਵੱਲੋਂ ਲਾਈ ਗਈ ਜੁਰਮ ਦੀ ਧਾਰਾ 304 (2) ਨੂੰ ਤੋੜ ਕੇ ਧਾਰਾ 304 (1) ਕਰ ਦਿੱਤੀ ਸੀ। ਪਹਿਲਾਂ ਲੱਗੀ ਧਾਰਾ ਨਾਲ ਇਸ ਕੇਸ ਦੇ ਦੋਸ਼ੀਆਂ ਨੂੰ ਦਸ ਸਾਲ ਤੱਕ ਕੈਦ ਹੋ ਸਕਦੀ ਸੀ, ਜਦ ਕਿ ਨਵੀਂ ਲਾਈ ਧਾਰਾ ਵਿੱਚ ਵੱਧ ਤੋਂ ਵੱਧ ਦੋ ਸਾਲ ਸਜ਼ਾ ਹੋ ਸਕਦੀ ਸੀ ਅਤੇ ਏਨੀ ਹੀ ਬਾਅਦ ਵਿੱਚ ਹੋਈ ਸੀ। ਜਸਟਿਸ ਅਹਿਮਦੀ ਨੇ ਇਹ ਧਾਰਾ ਬਦਲ ਕੇ ਗੈਸ ਕਾਂਡ ਦੀ ਦੋਸ਼ੀ ਜਿਸ ਯੂਨੀਅਨ ਕਾਰਬਾਈਡ ਕੰਪਨੀ ਲਈ ਤਰਫਦਾਰੀ ਕੀਤੀ, ਉਸ ਕੰਪਨੀ ਵੱਲੋਂ ਭੋਪਾਲ ਮੈਮੋਰੀਅਲ ਟਰੱਸਟ ਤੇ ਇਸ ਦੇ ਸਾਢੇ ਤਿੰਨ ਸੌ ਬਿਸਤਰਿਆਂ ਵਾਲੇ ਹਸਪਤਾਲ ਦਾ ਸਾਰੀ ਉਮਰ ਲਈ ਮੋਟੀ ਤਨਖਾਹ ਉੱਤੇ ਮੁਖੀ ਬਣਾ ਦਿੱਤਾ ਗਿਆ ਸੀ। ਇਸ ਕੰਪਨੀ ਨੇ ਆਪਣੇ ਅਦਾਰੇ ਦੇ ਨਿਯਮਾਂ ਵਿੱਚ ਲਿਖਿਆ ਸੀ ਕਿ ਇਸ ਟਰੱਸਟ ਦਾ ਚੇਅਰਮੈਨ ਸੁਪਰੀਮ ਦਾ ਕੋਰਟ ਦਾ ਸਾਬਕਾ ਜੱਜ ਬਣਾਇਆ ਜਾਵੇਗਾ ਤੇ ਇਹ ਗੱਲ ਓਦੋਂ ਲਿਖੀ ਸੀ, ਜਦੋਂ ਜਸਟਿਸ ਅਹਿਮਦੀ ਰਿਟਾਇਣ ਹੋਣ ਵਾਲਾ ਸੀ ਤੇ ਰਿਟਾਇਰ ਹੁੰਦੇ ਸਾਰ ਅਹਿਮਦੀ ਨੂੰ ਅਰਬਾਂ-ਖਰਬਾਂ ਦੀ ਮਾਲਕੀ ਵਾਲੇ ਟਰੱਸਟ ਦੀ ਚੇਅਰਮੈਨੀ ਦੇ ਨਾਲ ਬਾਕੀ ਉਮਰ ਲਈ ਮੋਟੀ ਤਨਖਾਹ ਤੇ ਭੱਤਿਆਂ ਦਾ ਗੱਫਾ ਮਿਲ ਗਿਆ ਸੀ। ਜਦੋਂ ਭੋਪਾਲ ਗੈਸ ਕਾਂਡ ਦੇ ਦੋਸ਼ੀਆਂ ਨੂੰ ਦੋ ਸਾਲ ਦੀ ਮਾਮੂਲੀ ਸਜ਼ਾ ਦੇਣ ਦਾ ਐਲਾਨ ਹੋਇਆ ਤਾਂ ਸਾਰੇ ਦੇਸ਼ ਵਿੱਚ ਇਸ ਨਾਲ ਭੁਚਾਲ ਆ ਗਿਆ ਅਤੇ ਜਸਟਿਸ ਅਹਿਮਦੀ ਦੀ ਹਰ ਥਾਂ ਏਨੀ ਭੰਡੀ ਹੋਣ ਲੱਗ ਪਈ ਕਿ ਜਨਤਕ ਦਬਾਅ ਹੇਠ ਉਹ ਚੇਅਰਮੈਨੀ ਦਾ ਅਹੁਦਾ ਛੱਡਣ ਨੂੰ ਮਜਬੂਰ ਹੋ ਗਿਆ ਸੀ। ਇਹ ਨਿਆਂ ਪਾਲਿਕਾ ਦੇ ਅਕਸ ਨੂੰ ਪ੍ਰਭਾਵਤ ਕਰਨ ਵਾਲਾ ਇੱਕ ਮਾਮਲਾ ਤਾਂ ਸੀ, ਪਰ ਇਹ ਇੱਕੋ-ਇੱਕ ਨਹੀਂ ਸੀ।

ਅਸੀਂ ਭਾਰਤ ਦੀ ਨਿਆਂ ਪਾਲਿਕਾ ਨੂੰ ਬਹੁਤ ਸਾਰੇ ਕੇਸਾਂ ਦੇ ਫੈਸਲੇ ਦੇਣ ਸਮੇਂ ਇਨਸਾਫ ਦਾ ਝੰਡਾ ਬੁਲੰਦ ਕਰਦੇ ਵੇਖਿਆ ਹੋਇਆ ਹੈ ਤੇ ਓਦੋਂ ਭਾਰਤ ਵਿੱਚ ਹੀ ਨਹੀਂ, ਦੁਨੀਆ ਭਰ ਵਿੱਚ ਵੀ ਇਸ ਦੀ ਸ਼ਲਾਘਾ ਹੋਈ ਸੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਭਾਰਤੀ ਨਿਆਂ ਪਾਲਿਕਾ ਦਾ ਹਰ ਫੈਸਲਾ ਵਿਵਾਦਾਂ ਤੋਂ ਪਰੇ ਹੈ। ਜਸਟਿਸ ਗੋਗੋਈ ਦੇ ਵਕਤ ਉਨ੍ਹਾਂ ਦਾ ਦੋਹਰਾ ਵਿਹਾਰ ਲੋਕਾਂ ਵਿੱਚ ਚਰਚਾ ਦਾ ਮੁੱਦਾ ਬਣਿਆ ਸੀ ਅਤੇ ਜਦੋਂ ਰਿਟਾਇਰ ਹੋਣ ਦੇ ਛੇਤੀ ਬਾਅਦ ਉਨ੍ਹਾਂ ਨੂੰ ਰਾਜ ਸਭਾ ਦੀ ਮੈਂਬਰੀ ਦਿੱਤੀ ਗਈ, ਅਤੇ ਜਿਵੇਂ ਦਿੱਤੀ ਗਈ, ਵਿਵਾਦ ਉਸ ਤੋਂ ਵੀ ਛਿੜਿਆ ਸੀ ਅਤੇ ਫਿਰ ਕਈ ਕਿਸਮ ਦੇ ਦੋਸ਼ ਲੱਗਦੇ ਰਹੇ ਸਨ। ਇਹ ਉਹੋ ਜਸਟਿਸ ਰੰਜਨ ਗੋਗਈ ਸਨ, ਜਿਨ੍ਹਾਂ ਦੇ ਕੁਝ ਸਮਾਂ ਪਹਿਲਾਂ ਦੇ ਫੈਸਲੇ ਇਸ ਕਰ ਕੇ ਚਰਚਾ ਵਿੱਚ ਸਨ ਕਿ ਜਦੋਂ ਉਨ੍ਹਾਂ ਦੀ ਅਦਾਲਤ ਵਿੱਚ ਕੇਸ ਲੱਗਦਾ ਸੀ ਤਾਂ ਸਰਕਾਰਾਂ ਦੇ ਵਕੀਲਾਂ ਨੂੰ ਪਸੀਨੇ ਆਉਣ ਲੱਗ ਜਾਇਆ ਕਰਦੇ ਸਨ। ਅਚਾਨਕ ਬੰਦਾ ਕਿੰਨਾ ਬਦਲ ਜਾਂਦਾ ਹੈ, ਇਸ ਦਾ ਤਜਰਬਾ ਭਾਰਤ ਦੀ ਨਿਆਂ ਪਾਲਿਕਾ ਵਿੱਚ ਕਈ ਵਾਰੀ ਅੱਗੇ ਵੀ ਹੋ ਚੁੱਕਾ ਹੈ, ਭਵਿੱਖ ਵਿੱਚ ਵੀ ਹੋ ਸਕਦਾ ਹੈ, ਪਰ ਕਿਸੇ ਇੱਕ ਕੇਸ ਦਾ ਮੁੱਦਾ ਲੈ ਕੇ ਅਸੀਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦੇ। ਇਸ ਬਾਰੇ ਖੁਦ ਨਿਆਂ ਪਾਲਕਾ ਨਾਲ ਜੁੜੇ ਹੋਏ ਲੋਕਾਂ ਨੂੰ ਸੋਚਣਾ ਪਵੇਗਾ। ਕਿਸੇ ਦੇਸ਼ ਵਿੱਚ ਜਦੋਂ ਹੋਰ ਕਿਤੋਂ ਵੀ ਆਸ ਨਾ ਰਹੇ ਤਾਂ ਨਾਗਰਿਕਾਂ ਲਈ ਆਸ ਦਾ ਆਖਰੀ ਦਰਵਾਜ਼ਾ ਅਦਾਲਤ ਹੁੰਦੀ ਹੈ ਤੇ ਇਸ ਦੇ ਅਕਸ ਨੂੰ ਖੋਰਾ ਨਹੀਂ ਲੱਗਣਾ ਚਾਹੀਦਾ, ਪਰ ਇਹ ਇੱਕ ਇੱਛਾ ਹੀ ਹੁੰਦੀ ਹੈ, ਹਕੀਕਤਾਂ ਇੱਛਾ ਦੀਆਂ ਮੁਥਾਜ ਨਹੀਂ ਹੁੰਦੀਆਂ।

# ਬੰਗਾਲ ਚੋਣਾਂ ਵਿੱਚ 180 ਬਨਾਮ 90 ਸੀਟਾਂ ਦੀ ਦਿਲਚਸਪ ਖੇਡ

-ਵਿਜੇ ਵਿਦਰੋਹੀ-

ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਅਜੇ ਦੂਰ ਹਨ ਪਰ ਸਿਆਸਤ ਸਿਖਰਾਂ ਉੱਤੇ ਹੈ। ਮੁੱਖ ਮੁਕਾਬਲਾ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ (ਟੀ ਐਮ ਸੀ) ਅਤੇ ਭਾਜਪਾ ਦਰਮਿਆਨ ਹੈ। ਕਾਂਗਰਸ-ਖੱਬੇ ਪੱਖੀ ਮੋਰਚੇ ਦੇ ਗੱਠਜੋੜ ਦੇ ਹੱਥਾਂ ਵਿੱਚ ਸੱਤਾਂ ਦੀ ਚਾਬੀ ਹੈ, ਜੋ ਉਸ ਨੇ ਮਮਤਾ ਬੈਨਰਜੀ ਜਾਂ ਅਮਿਤ ਸ਼ਾਹ ਨੂੰ ਸੌਂਪਣੀ ਹੈ। ਤੁਸੀਂ ਕਹੋਗੇ ਕਿ ਇਹ ਕੀ ਗਣਿਤ ਹੋਇਆ। ਇੱਕ ਹੋਰ ਖੇਡ ਰਹੀ ਹੈ। ਮਮਤਾ ਬੈਨਰਜੀ ਦੀਆਂ ਨਜ਼ਰਾਂ 9 ਜ਼ਿਲ੍ਹਿਆਂ ਦੀਆਂ 180 ਸੀਟਾਂ ਉੱਤੇ ਹਨ। ਭਾਜਪਾ ਓਧਰ ਖੱਬੇ ਪੱਖੀਆਂ ਤੋਂ ਰਾਮ ਦੇ ਭਰੋਸੇ ਨਾਲ ਸ਼ਬਰੀ ਦੇ ਜੂਠੇ ਬੇਰਾਂ ਵਿੱਚ ਵੋਟ ਬੈਂਕ ਭਾਲ ਰਹੀ ਹੈ। ਇਹ ਖੇਡ ਹੋ ਰਹੀ ਹੈ 90 ਸੀਟਾਂ ਉੱਤੇ, ਕੁੱਲ ਮਿਲਾ ਕੇ ਬੰਗਾਲ ਦੀਆਂ ਚੋਣਾਂ ਬੇਹੱਦ ਦਿਲਚਸਪ ਬਣ ਰਹੀਆਂ ਹਨ। ਪਹਿਲਾਂ ਸਮਝਦੇ ਹਾਂ ਮਮਤਾ ਬੈਨਰਜੀ ਦੀ 180 ਸੀਟ ਦੀ ਖੇਡ ਨੂੰ। ਬੰਗਾਲ ਵਿੱਚ ਕੁੱਲ 294 ਸੀਟਾਂ ਹਨ। ਜਿੱਤਣ ਲਈ ਚਾਹੀਦੀਆਂ ਹਨ 148 ਸੀਟਾਂ। ਬੰਗਾਲ ਵਿੱਚ ਕੁੱਲ 23 ਜ਼ਿਲ੍ਹੇ ਹਨ ਪਰ 23 ਵਿੱਚੋਂ 9 ਵੱਡੇ ਜ਼ਿਲ੍ਹੇ ਹਨ ਜਿੱਥੇ 180 ਸੀਟਾਂ ਆਉਂਦੀਆਂ ਹਨ। ਬੰਗਾਲ ਦੀਆਂ ਚੋਣਾਂ ਬਾਰੇ ਸ਼ੁਰੂ ਵਿੱਚ 2-3 ਗੱਲਾਂ ਸਾਫ ਕਰ ਦੇਣੀਆਂ ਚਾਹੀਦੀਆਂ ਹਨ। ਪਹਿਲੀ ਇਹ ਕਿ ਇਹ ਚੋਣਾਂ ਬੇਹੱਦ ਸੰਘਰਸ਼ ਭਰਪੂਰ ਹੋਣਗੀਆਂ। ਦੂਜੀ ਇਹ ਕਿ ਭਾਜਪਾ ਤੇ ਮਮਤਾ ਦਾ ਬਹੁਤ ਤਿੱਖਾ ਮੁਕਾਬਲਾ ਹੈ। ਤੀਜੀ ਇਹ ਕਿ ਮਮਤਾ ਨੇ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਾਧਾਰਨ ਜਿਹਾ ਸਮਝਿਆ ਸੀ। ਇਸ ਵਾਰ ਉਹ ਅਜਿਹੀ ਗਲਤੀ ਕਰਨ ਵਾਲੀ ਨਹੀਂ। ਵਧੇਰੇ ਸੰਭਾਵਨਾ ਇਹੀ ਹੈ ਕਿ ਸੂਬੇ ਵਿੱਚ ਅਸੈਂਬਲੀ ਚੋਣਾਂ ਇਸ ਸਾਲ ਮਈ ਵਿੱਚ ਹੋਣਗੀਆਂ, ਪਰ ਚੋਣ ਪ੍ਰਚਾਰ ਸ਼ੁਰੂ ਹੋ ਚੁੱਕਾ ਹੈ। ਪਿਛਲੇ 6 ਤੋਂ 8 ਮਹੀਨਿਆਂ ਦੌਰਾਨ 1 ਦਰਜਨ ਤੋਂ ਵੱਧ ਸਿਆਸੀ ਕਤਲ ਹੋ ਚੁੱਕੇ ਹਨ। ਭਾਜਪਾ ਨੇ ਮੋਦੀ ਮੰਤਰੀ ਮੰਡਲ ਦੇ 10 ਮੰਤਰੀਆਂ ਦੀ ਡਿਊਟੀ ਉਥੇ ਲਾ ਦਿੱਤੀ ਹੈ। ਮਮਤਾ ਨੇ ਵੀ ਆਪਣੀ ਪੂਰੀ ਤਾਕਤ ਲਾ ਦਿੱਤੀ ਹੈ। ਚੋਣਾਂ ਵਿੱਚ ਵਿਕਾਸ ਹਾਸ਼ੀਏ ਉੱਤੇ ਹੈ। ਦੋਹਾਂ ਧਿਰਾਂ ਵੱਲੋਂ ਆਪਣੇ-ਆਪਣੇ ਵੋਟ ਬੈਂਕ ਦੇ ਹਿਸਾਬ ਨਾਲ ਧਰੁਵੀਕਰਨ ਕੀਤਾ ਜਾ ਰਿਹਾ ਹੈ।

ਮਮਤਾ ਬੈਨਰਜੀ ਨੂੰ ਲੱਗਦਾ ਹੈ ਕਿ 9 ਜ਼ਿਲ੍ਹਿਆਂ ਦੀਆਂ 180 ਸੀਟਾਂ ਸੱਤਾ ਦੀ ਪੌੜੀ ਦਾ ਕੰਮ ਕਰ ਸਕਦੀਆਂ ਹਨ। ਇਹ ਉਹ ਜ਼ਿਲ੍ਹੇ ਹਨ ਜਿੱਥੇ ਮੁਸਲਿਮ ਆਬਾਦੀ 20 ਫ਼ੀਸਦੀ ਤੋਂ ਵੱਧ ਹੈ ਜਾਂ ਮਮਤਾ ਦੀ ਪਾਰਟੀ ਦੀ ਪਕੜ ਉਥੇ ਵੱਧ ਹੈ। ਇਹ ਮੁਰਸ਼ਿਦਾਬਾਦ, 24 ਨਾਰਥ ਪਰਗਨਾ, ਹੁਗਲੀ, ਨਾਦੀਆ, 24 ਸਾਊਥ ਪਰਗਨਾ, ਬਰਦਮਾਨ, ਪੱਛਮੀ ਮਿਦਨਾਪੁਰ, ਪੂਰਬੀ ਮਿਦਨਾਪੁਰ ਅਤੇ ਹਾਵੜਾ ਜ਼ਿਲੇ ਹਨ। ਇਸ ਤੋਂ ਇਲਾਵਾ ਮਾਲਦਾ ਤੇ ਦੀਨਾਜਪੁਰ ਜ਼ਿਲਿਆਂ ਵਿੱਚ ਮੁਸਲਮਾਨਾਂ ਦੀ ਆਬਾਦੀ ਹਿੰਦੂਆਂ ਤੋਂ ਵੱਧ ਹੈ। ਕੁੱਲ ਮਿਲਾ ਕੇ ਮਮਤਾ ਦੇ ਸਿਆਸੀ ਤਰਕਸ਼ ਵਿੱਚ 2 ਤੀਰ ਹਨ, ਲੱਗਭਗ 30 ਫੀਸਦੀ ਮੁਸਲਿਮ ਵੋਟ ਅਤੇ ਕੂਚ ਬਿਹਾਰ ਉਤਰੀ ਬੰਗਾਲ ਵਿੱਚ ਭਾਜਪਾ ਦਾ ਸੰਗਠਨ ਪੱਖੋਂ ਕਮਜ਼ੋਰ ਹੋਣਾ। ਇੱਥੇ ਮਮਤਾ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਭਾਜਪਾ ਨੇ 2016 ਦੀਆਂ ਅਸੈਂਬਲੀ ਚੋਣਾਂ ਤੋਂ ਲੈ ਕੇ 2019 ਦੀਆਂ ਲੋਕ ਸਭਾ ਦੀਆਂ ਚੋਣਾਂ ਦੇ ਤਿੰਨ ਸਾਲ ਅੰਦਰ ਲੰਬੀ ਛਾਲ ਮਾਰੀ ਹੈ। 2016 ਵਿੱਚ ਲੱਗਭਗ 10 ਫੀਸਦੀ ਵੋਟਾਂ ਅਤੇ ਛੇ ਸੀਟਾਂ ਲਈਆਂ, ਪਰ 2019 ਵਿੱਚ 40 ਫੀਸਦੀ ਤੋਂ ਵੱਧ ਵੋਟਾਂ ਅਤੇ 18 ਲੋਕ ਸਭਾ ਦੀਆਂ ਸੀਟਾਂ ਲਈਆਂ। ਇਨ੍ਹਾਂ ਨੂੰ ਜੇ ਵਿਧਾਨ ਸਭਾ ਦੀਆਂ ਸੀਟਾਂ ਵਿੱਚ ਤਬਦੀਲ ਕੀਤਾ ਜਾਵੇ ਤਾਂ ਇਹ 121 ਸੀਟਾਂ ਬਨਾਮ 180 ਵਾਲਾ ਫਾਰਮੂਲਾ ਚੱਲੇਗਾ?

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਨ੍ਹਾਂ 180 ਸੀਟਾਂ ਵਿੱਚੋਂ 125 ਸੀਟਾਂ ਉੱਤੇ ਮੁਸਲਿਮ ਵੋਟਰ ਫੈਸਲਾਕੁੰਨ ਭੂਮਿਕਾ ਨਿਭਾਉਂਦਾ ਰਿਹਾ ਹੈ। 2006 ਵਿੱਚ ਖੱਬੇ ਪੱਖੀ ਮੋਰਚੇ ਦੇ ਹਿੱਸੇ ਵਿੱਚ 230 ਸੀਟਾਂ ਆਈਆਂ ਸਨ। ਇਨ੍ਹਾਂ ਵਿੱਚੋਂ ਲੱਗਭਗ 100 ਸੀਟਾਂ ਮੁਸਲਿਮ ਇਲਾਕਿਆਂ ਦੀਆਂ 125 ਸੀਟਾਂ ਵਿੱਚੋਂ ਆਈਆਂ ਸਨ। ਇਸੇ ਤਰ੍ਹਾਂ 2016 ਦੀਆਂ ਵਿਧਾਨ ਸਭਾ ਚੋਣਾਂ ਮਮਤਾ ਨੇ ਇਕੱਲਿਆਂ ਲੜੀਆਂ ਸਨ ਅਤੇ 294 ਵਿੱਚੋਂ 211 ਸੀਟਾਂ ਉੱਤੇ ਉਸ ਨੇ ਕਬਜ਼ਾ ਕੀਤਾ ਸੀ। ਵੋਟਾਂ ਮਿਲੀਆਂ ਸਨ 45 ਫ਼ੀਸਦੀ। ਉਕਤ 211 ਸੀਟਾਂ ਵਿੱਚੋਂ ਮਮਤਾ ਨੇ 98 ਸੀਟਾਂ ਉਨ੍ਹਾਂ 125 ਸੀਟਾਂ ਵਿੱਚੋਂ ਜਿੱਤੀਆਂ ਸਨ, ਜੋ ਮੁਸਲਿਮ ਇਲਾਕਿਆਂ ਵਿੱਚ ਗਿਣਤੀਆਂ ਜਾਂਦੀਆਂ ਹਨ। ਇਸੇ ਆਧਾਰ ਉੱਤੇ ਮਮਤਾ ਨੂੰ ਲੱਗ ਰਿਹਾ ਹੈ ਕਿ 9 ਜ਼ਿਲ੍ਹਿਆਂ ਦਾ 180 ਸੀਟਾਂ ਵਾਲਾ ਫਾਰਮੂਲਾ ਭਾਜਪਾ ਉੱਤੇ ਭਾਰੂ ਪੈ ਸਕਦਾ ਹੈ। ਜਾਣਕਾਰ ਸੂਤਰ ਕਹਿੰਦੇ ਹਨ ਕਿ ਇਸ ਵਾਰ ਕਾਂਗਰਸ ਅਤੇ ਖੱਬੇ ਪੱਖੀ ਪਾਰਟੀਆਂ ਮਜ਼ਬੂਤੀ ਨਾਲ ਚੋਣਾਂ ਲੜਦੀਆਂ ਹਨ ਤਾਂ 125 ਸੀਟਾਂ ਵਿੱਚ ਉਨ੍ਹਾਂ ਦੀ ਭਾਈਵਾਲੀ ਹੋਵੇਗੀ ਜੋ ਮਮਤਾ ਨੂੰ ਪ੍ਰੇਸ਼ਾਨੀ ਵਿੱਚ ਪਾ ਸਕਦੀ ਹੈ।

ਭਾਜਪਾ ਅਤੇ ਕਾਂਗਰਸ ਨੂੰ ਲੱਗਦਾ ਹੈ ਕਿ ਮਮਤਾ ਦਾ ਫਾਰਮੂਲਾ ਨਹੀਂ ਚੱਲੇਗਾ। ਇਹ ਗੱਲ ਧਿਆਨ ਵਿੱਚ ਰੱਖਣੀ ਹੋਵੇਗੀ ਕਿ ਮਮਤਾ ਅਤੇ ਭਾਜਪਾ ਵਿਚਾਲੇ ਅਜੇ ਤਿੰਨ ਫ਼ੀਸਦੀ ਵੋਟਾਂ ਦਾ ਫਰਕ ਹੈ। ਇਸ ਨੂੰ ਘਟਾਉਣਾ ਇੰਨਾ ਸੌਖਾ ਨਹੀਂ ਕਿਉਂਕਿ ਪਿਛਲੇ 10 ਸਾਲਾਂ ਤੋਂ ਮਮਤਾ ਦਾ ਵੋਟ ਫ਼ੀਸਦੀ 43-44 ਤੋਂ ਹੇਠਾਂ ਨਹੀਂ ਆਇਆ। ਭਾਜਪਾ ਨੂੰ ਜਿੰਨਾ ਵਧਿਆ ਹੋਇਆ ਵੋਟ ਮਿਲਿਆ ਹੈ, ਉਹ ਖੱਬੇ ਪੱਖੀ ਪਾਰਟੀਆਂ ਅਤੇ ਕਾਂਗਰਸ ਦੇ ਖਾਤੇ ਵਿੱਚੋਂ ਮਿਲਿਆ ਹੈ। ਖੱਬੇ ਪੱਖੀ ਪਾਰਟੀਆਂ ਨੇ ਇਸੇ ਲਈ ਇਹ ਨਾਅਰਾ ਦਿੱਤਾ ਹੈ, ''ਵਾਮ ਸੇ ਰਾਮ ਕਾ", ਭਾਵ ਖੱਬੇ ਪੱਖੀ ਮੋਰਚੇ ਤੋਂ ਭਗਵਾਨ ਰਾਮ ਤੱਕ।" ਅਸਲ ਵਿੱਚ ਭਾਜਪਾ ਮਮਤਾ ਬੈਨਰਜੀ ਦੇ ਵੋਟ ਬੈਂਕ ਵਿੱਚ ਸੰਨ੍ਹ ਲਾਉਣ ਵਿੱਚ ਸਫਲ ਨਹੀਂ ਹੋਈ।

2011 ਦੀਆਂ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਮਮਤਾ ਨੇ ਕਾਂਗਰਸ ਨਾਲ ਮਿਲ ਕੇ ਲੜੀਆਂ ਸਨ ਅਤੇ 184 ਸੀਟਾਂ ਉੱਤੇ ਜਿੱਤ ਹਾਸਲ ਕੀਤੀ ਸੀ। ਮਮਤਾ ਨੂੰ ਉਦੋਂ 40 ਫ਼ੀਸਦੀ ਵੋਟਾਂ ਮਿਲੀਆਂ ਹਨ। ਕਾਂਗਰਸ ਨੇ 9 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਸਨ। ਇਨ੍ਹਾਂ 9 ਫ਼ੀਸਦੀ ਵਿੱਚੋਂ ਅੱਧਾ ਫ਼ੀਸਦੀ ਵੋਟਾਂ ਮਮਤਾ ਦੀਆਂ ਕਾਂਗਰਸ ਨੂੰ ਮਿਲੀਆਂ ਸਨ। 2011 ਵਿੱਚ ਮਾਰਕਸੀ ਪਾਰਟੀ ਨੂੰ 40 ਸੀਟਾਂ ਅਤੇ 30 ਫ਼ੀਸਦੀ ਵੋਟਾਂ ਮਿਲੀਆਂ ਸਨ। 2011 ਵਿੱਚ ਭਾਜਪਾ ਨੂੰ ਚਾਰ ਫ਼ੀਸਦੀ ਵੋਟਾਂ ਮਿਲੀਆਂ ਸਨ ਅਤੇ ਉਹ ਆਪਣਾ ਖਾਤਾ ਨਹੀਂ ਖੋਲ੍ਹ ਸਕੀ ਸੀ ਪਰ 2014 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਭਾਜਪਾ ਨੇ 17 ਫ਼ੀਸਦੀ ਵੋਟਾਂ ਨਾਲ 2 ਸੀਟਾਂ ਜਿੱਤੀਆਂ ਸਨ। 2016 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਮਮਤਾ ਨੇ ਕਹਾਣੀ ਪਲਟ ਦਿੱਤੀ। ਉਦੋਂ ਮਮਤਾ ਨੇ ਇਕੱਲਿਆਂ ਚੋਣਾਂ ਲੜੀਆਂ ਤੇ 211 ਸੀਟਾਂ ਉੱਤੇ ਜਿੱਤ ਹਾਸਲ ਕੀਤੀ। ਕੁੱਲ ਵੋਟਾਂ ਦਾ 45 ਫ਼ੀਸਦੀ ਹਾਸਲ ਕੀਤਾ। ਉਸ ਸਮੇਂ ਮਾਰਕਸੀ ਪਾਰਟੀ ਅਤੇ ਕਾਂਗਰਸ ਨੇ ਮਿਲ ਕੇ ਚੋਣਾਂ ਲੜੀਆਂ ਸਨ। ਮਾਰਕਸੀ ਪਾਰਟੀ ਨੂੰ 20 ਫ਼ੀਸਦੀ ਅਤੇ ਕਾਂਗਰਸ ਨੂੰ 12 ਫ਼ੀਸਦੀ ਵੋਟਾਂ ਮਿਲੀਆਂ ਹਨ।


ਕੁੱਲ ਮਿਲਾ ਕੇ ਸਥਿਤੀ ਦਿਲਚਸਪ ਹੈ। ਮਮਤਾ ਮੁਸਲਿਮ ਸ਼ਰਨਾਰਥੀਆਂ ਅਤੇ ਭਾਜਪਾ ਹਿੰਦੂ ਸ਼ਰਨਾਰਥੀਆਂ ਦੀ ਸ਼ਰਨ ਵਿੱਚ ਜਿੱਤ ਦਾ ਆਸਰਾ ਲੱਭਦੀ ਹੈ। ਵਿਕਾਸ ਲਈ ਦੋਹਾਂ ਧਿਰਾਂ ਦੇ ਸ਼ਰਨਾਰਥੀ ਕਦੇ ਮਮਤਾ ਵੱਲ ਵੇਖਦੇ ਹਨ ਅਤੇ ਕਦੇ ਮੋਦੀ ਵੱਲ। ਫਿਲਹਾਲ ਚੋਣਾਂ ਹੋਣੀਆਂ ਹਨ। ਵਿਕਾਸ ਦੇ ਵਾਅਦਿਆਂ ਨਾਲ ਹੀ ਕੰਮ ਚਲਾਉਣਾ ਪੈਣਾ ਹੈ। ਵਿਕਾਸ ਜੇ ਹੋਵੇਗਾ ਤਾਂ ਚੋਣਾਂ ਤੋਂ ਬਾਅਦ ਹੋਵੇਗਾ। ਖੱਬੇ ਪੱਖੀ ਪਾਰਟੀਆਂ ਦੇ ਗੱਠਜੋੜ ਨਾਲ ਦਿਲਚਸਪ ਸਿਆਸੀ ਸਥਿਤੀ ਬਣ ਰਹੀ ਹੈ। ਇਸ ਵਾਰ ਐਂਟੀ ਮਮਤਾ ਵੋਟ ਭਾਜਪਾ ਅਤੇ ਕਾਂਗਰਸ-ਖੱਬੇ ਪੱਖੀ ਮਹਾਗਠਜੋੜ ਵਿਚਲੋਂ ਜੇ ਵੰਡੀ ਗਈ ਤਾਂ ਇਸ ਦਾ ਲਾਭ ਮਮਤਾ ਨੂੰ ਹੋਵੇਗਾ। ਭਾਜਪਾ ਨੁਕਸਾਨ ਉਠਾਵੇਗੀ। ਇਹ ਉਦੋਂ ਹੋਵੇਗਾ ਜਦੋਂ ਗਠਜੋੜ ਮਜ਼ਬੂਤੀ ਨਾਲ ਚੋਣ ਲੜੇਗਾ। ਜੇ ਲੋਕਾਂ ਨੇ ਇਸ ਨੂੰ ਨਕਾਰ ਦਿੱਤਾ ਤਾਂ ਭਾਜਪਾ ਨੂੰ ਸਿਆਸੀ ਲਾਭ ਮਿਲਣਾ ਯਕੀਨੀ ਹੈ। ਉਹ ਬਾਜ਼ੀ ਮਾਰ ਸਕਦੀ ਹੈ।

ਉਂਝ ਜਾਣਕਾਰਾਂ ਦਾ ਕਹਿਣਾ ਹੈ ਕਿ ਜੇ ਕਾਂਗਰਸ-ਖੱਬੇ ਪੱਖੀ ਗਠਜੋੜ ਮੁਸਲਿਮ ਵੋਟਾਂ ਵਿੱਚ ਸੰਨ੍ਹ ਲਾਉਣ ਵਿੱਚ ਸਫਲ ਰਿਹਾ ਅਤੇ ਅਸਦੂਦੀਨ ਓਵੈਸੀ ਦੀ ਪਾਰਟੀ ਵੀ ਕੁਝ ਹਿੱਸਾ ਆਪਣੀ ਝੋਲੀ ਵਿੱਚ ਪਾਉਣ ਵਿੱਚ ਸਫਲ ਹੋ ਗਈ ਤਾਂ ਮਮਤਾ ਨੂੰ ਝਟਕਾ ਲੱਗ ਸਕਦਾ ਹੈ। ਭਾਜਪਾ ਵੀ ਇਹੀ ਆਸ ਕਰ ਰਹੀ ਹੈ। ਉਸਨੂੰ ਲੱਗਦਾ ਹੈ ਕਿ ਹਿੰਦੂ ਦਲਿਤ ਓ ਬੀ ਸੀ ਆਦੀਵਾਸੀ ਵੋਟ ਇੱਕ ਪਾਸੜ ਤੌਰ ਉੱਤੇ ਉਸ ਵੱਲ ਆਵੇਗਾ ਅਤੇ ਮੁਸਲਿਮ ਕਾਰਡ ਹਾਰ ਜਾਵੇਗਾ।

ਭਾਜਪਾ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪਿਛਲੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਵੀ ਕਾਂਗਰਸ ਅਤੇ ਖੱਬੇ ਪੱਖੀ ਪਾਰਟੀਆਂ ਨੂੰ ਕੁੱਲ ਮਿਲਾ ਕੇ 12 ਫ਼ੀਸਦੀ ਵੋਟਾਂ ਮਿਲੀਆਂ ਸਨ। ਜੇ ਇਸ ਵਾਰ ਇਹ ਵਧ ਕੇ 15 ਹੋ ਗਈਆਂ ਤਾਂ ਭਾਜਪਾ ਲਈ ਮੁਸ਼ਕਿਲ ਖੜ੍ਹੀ ਹੋ ਸਕਦੀ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਭਾਜਪਾ ਲਈ ਆਪਣੀਆਂ ਵੋਟਾਂ ਦੀ ਫ਼ੀਸਦੀ ਵਿੱਚ 2 ਫ਼ੀਸਦੀ ਦੀ ਕਮੀ ਦਾ ਮਤਲਬ 50 ਸੀਟਾਂ ਤੋਂ ਹੱਥ ਧੋਣਾ ਹੈ। ਜੇ ਗੱਠਜੋੜ ਦੀ ਵੋਟ 7-8 ਫ਼ੀਸਦੀ ਉੱਤੇ ਆ ਜਾਂਦੀ ਹੈ ਤਾਂ ਭਾਜਪਾ ਚਮਤਕਾਰ ਦੀ ਉਮੀਦ ਕਰ ਸਕਦੀ ਹੈ।

# ਪੰਜਾਬ ਵਿੱਚ ਰੁਜ਼ਗਾਰ ਦੀ ਨਿਘਰਦੀ ਹਾਲਤ

-ਡਾਕਟਰ ਵਿਨੋਦ ਕੁਮਾਰ



ਬਦਲ ਰਹੀਆਂ ਜੀਵਨ ਹਾਲਤਾਂ ਅਨੁਸਾਰ ਮਨੁੱਖ ਦੀਆਂ ਜੀਵਨ ਲੋੜਾਂ ਵਿੱਚ ਵੀ ਵਾਧਾ ਹੋਇਆ ਹੈ, ਜਿਵੇਂ ਰੋਟੀ, ਕੱਪੜਾ ਅਤੇ ਮਕਾਨ ਦੇ ਨਾਲ ਜੀਵਨ ਵਿੱਚ ਅੱਗੇ ਵਧਣ ਲਈ ਸੰਤੋਸ਼ ਜਨਕ ਮੌਕੇ ਅਤੇ ਬਰਾਬਰੀ ਆਦਿ, ਪਰ ਅਫਸੋਸ, ਬਦਲ ਰਹੀ ਜੀਵਨ-ਜਾਚ ਨੇ ਸਾਡੀਆਂ ਜੀਵਨ ਲੋੜਾਂ ਵਿੱਚ ਵਾਧਾ ਕਰ ਦਿੱਤਾ ਹੈ, ਇਨ੍ਹਾਂ ਨੂੰ ਪੂਰਾ ਕਰਨ ਲਈ ਆਮ ਲੋਕਾਂ ਲਈ ਸਾਧਨ ਜਾਂ ਤਾਂ ਬਹੁਤ ਸੀਮਿਤ ਕਰ ਦਿੱਤੇ ਹਨ, ਜਾਂ ਖਤਮ ਕੀਤੇ ਜਾ ਰਹੇ ਹਨ। ਲੋਕਾਈ ਦੋ ਵੇਲੇ ਦੀ ਰੋਟੀ ਦੇ ਜੁਗਾੜ ਵਿੱਚ ਉਲਝੀ ਹੋਈ ਹੈ। ਰੁਜ਼ਗਾਰ ਦਾ ਮਸਲਾ ਬੇਸ਼ੱਕ ਪੂਰੇ ਭਾਰਤ ਵਿੱਚ ਵਿਆਪਕ ਹੈ, ਪਰ ਇਸ ਦੇ ਅੱਜ ਤੱਕ ਖੁਸ਼ਹਾਲ ਮੰਨੇ ਜਾਂਦੇ ਸੂਬੇ ਪੰਜਾਬ ਵਿੱਚ ਹਾਲਾਤ ਬਦ ਤੋਂ ਬਦਤਰ ਹੋ ਚੁੱਕੇ ਹਨ। ਨਾਂਹ ਪੱਖੀ ਰਾਜਨੀਤੀ ਤਹਿਤ ਇਹ ਮਸਲਾ ਸਮੁੱਚੇ ਪੰਜਾਬੀ ਜਗਤ ਨੂੰ ਨਿਗਲਣ ਲਈ ਅਦਿੱਖ ਦਾਨਵ ਵਾਂਗ ਮੂੰਹ ਅੱਡੀ ਖੜ੍ਹਾ ਹੈ।

ਮਜ਼ਦੂਰੀ ਕਰਨ ਵਾਲਿਆਂ ਵਿੱਚ ਬਹੁਗਿਣਤੀ ਅਨਪੜ੍ਹਾਂ ਦੀ ਹੈ ਤੇ ਇਸ ਵਿੱਚ ਲਗਾਤਾਰ ਪੜ੍ਹੇ ਲਿਖੇ ਲੋਕ ਸ਼ਾਮਲ ਹੁੰਦੇ ਜਾ ਰਹੇ ਹਨ। ਇਹ ਦਿਹਾੜੀਦਾਰ ਹਨ, ਰੋਜ਼ ਕਮਾਉਂਦੇ ਅਤੇ ਖਾਂਦੇ ਹਨ। ਜਿਸ ਦਿਨ ਕੰਮ ਨਹੀਂ ਮਿਲਦਾ, ਘਰ ਦਾ ਚੁੱਲ੍ਹਾ ਨਹੀਂ ਬਲਦਾ। ਪਿੰਡਾਂ 'ਚ ਇਨ੍ਹਾਂ ਦਾ ਕਰੀਬ ਸਾਰਾ ਪਰਵਾਰ ਵੱਡੇ ਜ਼ਿਮੀਂਦਾਰਾਂ ਦੇ ਖੇਤਾਂ ਅਤੇ ਘਰਾਂ ਵਿੱਚ ਕੰਮ ਕਰਦਾ ਹੈ। ਬਦਲੇ ਵਿੱਚ ਉਹ ਆਪਣਾ ਜਿਊਣ ਜੋਗਾ ਨਹੀਂ ਕਮਾ ਸਕਦੇ, ਕੇਵਲ ਪੇਟ ਦੀ ਅੱਗ ਬੁਝਦੀ ਹੈ। ਕੰਮ ਲੈਣ ਦੇ ਲਾਲਚ ਵਿੱਚ ਅਖਸਰ ਅਜਿਹੇ ਮਜ਼ਦੂਰਾਂ ਨੂੰ ਨਸ਼ੇ ਦੇ ਆਦੀ ਵੀ ਬਣਾ ਦਿੱਤਾ ਜਾਂਦਾ ਹੈ।

ਹੇਠਲੇ ਪੱਧਰ ਦੇ ਕਿਸਾਨਾਂ ਦੀ ਪਿੰਡਾਂ ਵਿੱਚ ਬਹੁਗਿਣਤੀ ਹੈ। ਉਨ੍ਹਾਂ ਕੋਲ ਬਹੁਤ ਥੋੜ੍ਹੀ ਜ਼ਮੀਨ ਹੁੰਦੀ ਹੈ ਤੇ ਸਮਾਜਕ ਰੁਤਬੇ ਕਰ ਕੇ ਉਹ ਕੋਈ ਹੋਰ ਕੰਮ ਨਹੀਂ ਕਰਦੇ। ਅਜਿਹਾ ਕਿਸਾਨ ਆਰਥਿਕ ਤੰਗੀ ਕਾਰਨ ਅਕਸਰ ਛੋਟੇ ਦੁਕਾਨਦਾਰ ਜਾਂ ਬੈਂਕ ਤੋਂ ਲਏ ਕਰਜ਼ੇ ਦੇ ਪੈਸੇ ਨਹੀਂ ਮੋੜ ਸਕਦਾ। ਕਈ ਵਾਰ ਵੱਡੇ ਸ਼ਾਹੂਕਾਰ ਦੇ ਬੈਂਕ ਉਸ ਨੂੰ ਭੱਜਣ ਨਹੀਂ ਦਿੰਦੇ ਤੇ ਉਹ ਸਲਫਾਸ ਨਿਗਲ ਜਾਂਦਾ ਹੈ। ਅਜਿਹੇ ਪਰਵਾਰਾਂ ਦੇ ਮੁੰਡੇ-ਕੁੜੀਆਂ ਪੜ੍ਹ-ਲਿਖ ਕੇ ਵੀ ਬੇਰੁਜ਼ਗਾਰ ਰਹਿ ਜਾਂਦੇ ਹਨ।

ਸ਼ਹਿਰੀ ਮਜ਼ਦੂਰ ਦੀ ਮਾੜੀ ਹਾਲਤ ਦਾ ਅੰਦਾਜ਼ਾ ਕਸਬਿਆਂ ਤੇ ਸ਼ਹਿਰਾਂ ਵਿਚਲੇ ਲੇਬਰ ਚੌਕਾਂ 'ਤੇ ਲੱਗਦੀਆਂ ਭੀੜਾਂ ਤੋਂ ਲੱਗ ਸਕਦਾ ਹੈ। ਇਨ੍ਹਾਂ ਵਿੱਚ ਸ਼ਹਿਰੀ ਮਜ਼ਦੂਰਾਂ ਦੇ ਨਾਲ ਪਿੰਡਾਂ ਦੇ ਬੇਰੁਜ਼ਗਾਰ ਮਜ਼ਦੂਰ ਵੀ ਹੁੰਦੇ ਹਨ। ਹਰ ਲੇਬਰ ਚੌਕ ਵਿੱਚ ਸਵੇਰ ਸਾਰ ਭੀੜ ਲੱਗ ਜਾਂਦੀ ਹੈ, ਪਰ ਦੁਪਹਿਰ ਬਾਰ੍ਹਾਂ ਵਜੇ ਬਹੁਤ ਸਾਰੇ ਮਜ਼ਦੂਰ ਉਥੇ ਖੜ੍ਹੇ ਮਿਲਣਗੇ ਜਿਨ੍ਹਾਂ ਨੂੰ ਕੰਮ ਨਹੀਂ ਮਿਲਿਆ ਹੁੰਦਾ। ਸ਼ਹਿਰਾਂ ਵਿੱਚ ਉਨ੍ਹਾਂ ਮਰਦਾਂ, ਔਰਤਾਂ ਤੇ ਬੱਚਿਆਂ ਦੀ ਭਰਮਾਰ ਹੁੰਦੀ ਹੈ ਜਿਨ੍ਹਾਂ ਕੋਲ ਬੱਝਵਾਂ ਰੁਜ਼ਗਾਰ ਹੁੰਦਾ ਹੈ, ਪਰ ਉਨ੍ਹਾਂ ਨੂੰ ਸਾਰਾ ਦਿਨ ਫੈਕਟਰੀਆਂ ਅਤੇ ਵੱਡੇ ਵੱਡੇ ਸ਼ੋਅ ਰੂਮਾਂ ਵਿੱਚ ਕੋਹਲੂ ਦੇ ਬਲਦ ਵਾਂਗ ਥੋੜ੍ਹੀ ਜਿਹੀ ਮਜ਼ਦੂਰੀ 'ਤੇ ਕੰਮ ਕਰਨਾ ਪੈਂਦਾ ਹੈ। ਇਨ੍ਹਾਂ ਵਾਂਗ ਸਫਾਈ ਕਰਮਚਾਰੀ, ਗੈਸ ਏਜੰਸੀ ਵਰਕਰ, ਮੋਚੀ, ਰਿਕਸ਼ਾ ਤੇ ਰੇਹੜੀ ਚਲਾਉਣ ਵਾਲੇ ਹਨ। ਨਾਲ ਉਹ ਸ਼ਹਿਰੀ ਮਜ਼ਦੂਰ ਹਨ, ਜੋ ਸਬਜ਼ੀ, ਫਲ ਜਾਂ ਚਾਹ ਦੀ ਰੇਹੜੀ ਜਾਂ ਖੋਖਾ ਆਦਿ ਲਾਉਂਦੇ ਹਨ। ਕੰਮ ਦੇ ਪੰਦਰਾਂ ਪੰਦਰਾਂ ਘੰਟੇ, ਪਰ ਆਮਦਨ ਮਸਾਂ ਰੋਟੀ ਜੋਗੀ। ਇਸ ਤੋਂ ਥੋੜ੍ਹੇ ਉਪਰਲੇ ਪੱਧਰ 'ਤੇ ਆਉਂਦੇ ਹਨ ਛੋਟੇ ਦੁਕਾਨਦਾਰ ਜੋ ਰੋਜ਼ਾਨਾ ਜੀਵਨ ਦੀਆਂ ਲੋੜਾਂ ਦਾ ਨਿੱਕਾ ਮੋਟਾ ਸਾਮਾਨ ਵੇਚਦੇ ਹਨ ਜਿਵੇਂ ਰਾਸ਼ਨ ਵਾਲਾ, ਕੱਪੜੇ ਵਾਲਾ, ਸਬਜ਼ੀ ਵਾਲਾ, ਕਿਤਾਬਾਂ ਵਾਲਾ, ਜੁੱਤੀ ਵਾਲਾ, ਟੇਲਰ ਆਦਿ। ਉਹ ਸਾਰਾ ਦਿਨ ਆਪਣੀਆਂ ਦੁਕਾਨਦਾਰੀਆਂ ਉਪਰ ਮਜ਼ਦੂਰੀ ਕਰਦੇ ਹਨ। ਇਹ ਛੋਟੇ ਕਿਸਾਨ ਵਾਂਗ ਆਪਣੇ ਮਿੱਥਕ ਸਮਾਜਕ ਰੁਤਬੇ ਨਾਲ ਬੁਰੀ ਤਰ੍ਹਾਂ ਜੁੜੇ ਹੁੰਦੇ ਹਨ। ਛੋਟਾ ਕਿਸਾਨ ਜਿਵੇਂ ਖੁਦ ਨੂੰ ਜ਼ਿਮੀਂਦਾਰ ਸਮਝਦਾ ਹੈ, ਉਵੇਂ ਇਹ ਆਪਣੇ ਆਪ ਨੂੰ ਸ਼ਾਹੂਕਾਰ ਸਮਝਦੇ ਹਨ। ਹੇਠਲਾ ਗਰੀਬ ਤਬਕਾ ਇਨ੍ਹਾਂ ਛੋਟੇ ਕਿਸਾਨਾਂ ਤੇ ਦੁਕਾਨਦਾਰਾਂ ਨੂੰ 'ਲੋਟੂ' ਸਮਝਦਾ ਹੈ ਅਤੇ ਛੋਟਾ ਕਿਸਾਨ ਛੋਟੇ ਦੁਕਾਨਦਾਰ ਨੂੰ ਅਤੇ ਛੋਟਾ ਦੁਕਾਨਦਾਰ ਛੋਟੇ ਕਿਸਾਨ ਨੂੰ ਕਿਉਂਕਿ ਅਸਲ ਲੋਟੂ ਸਰਮਾਏਦਾਰ ਇਨ੍ਹਾਂ ਦੀਆਂ ਨਜ਼ਰਾਂ ਅਤੇ ਬੁੱਧੀ ਤੋਂ ਦੂਰ ਹੁੰਦਾ ਹੈ।

ਅਗਲਾ ਹੈ ਪੜ੍ਹਿਆ-ਲਿਖਿਆ ਮਜ਼ਦੂਰ ਵਰਗ, ਜੋ ਆਪਣੇ ਜੀਵਨ ਨੂੰ ਬਿਹਤਰ ਬਣਾਉਣ ਲਈ ਤਨ, ਮਨ, ਧਨ ਤੇ ਸੀਮਾ ਲਾ ਕੇ ਪੜ੍ਹਦਾ ਹੈ, ਪਰ ਹਾਲਤ ਉਸ ਦੀ ਅਨਪੜ੍ਹ ਮਜ਼ਦੂਰ ਵਾਲੀ ਰਹਿੰਦੀ ਹੈ। ਇਸ ਵਿੱਚ ਹੇਠਲੇ ਮੱਧ-ਵਰਗੀ ਪਰਵਾਰਾਂ ਦੀ ਗਿਣਤੀ ਵਧੇਰੇ ਹੈ। ਨੱਬੇਵਿਆਂ ਤੋਂ ਤੇਜ਼ੀ ਨਾਲ ਹੋਏ ਨਿਜੀਕਰਨ, ਇਨਫਰਮੇਸ਼ਨ ਤੇ ਤਕਨਾਲੋਜੀ ਦੇ ਵਿਕਾਸ ਨੇ ਸਾਧਾਰਨ ਤੇ ਗਰੀਬ ਆਦਮੀ ਨੂੰ ਰੋਲ ਦਿੱਤਾ ਹੈ ਕਿਉਂਕਿ ਇਸ ਵਿਕਾਸ ਨਾਲ ਗਰੀਬ ਦੇ ਸ਼ੋਸ਼ਣ ਲਈ ਸਰਮਾਏਦਾਰ ਕੋਲ ਹੋਰ ਔਜ਼ਾਰ ਹਾਸਲ ਹੋਏ ਹਨ। ਇਸ ਦੌਰਾਨ ਪੜ੍ਹੇ-ਲਿਖੇ ਗਰੀਬ ਅਤੇ ਮੱਧ-ਵਰਗੀ ਲੋਕਾਂ ਲਈ ਰੁਜ਼ਗਾਰ ਵੱਡੀ ਸਮੱਸਿਆ ਬਣ ਗਿਆ ਹੈ। ਮੱਧ-ਵਰਗੀ ਨੌਜਵਾਨ ਹਰ ਸਾਲ ਵੱਡੀ ਗਿਣਤੀ ਵਿੱਚ ਵਿਦੇਸ਼ਾਂ ਚਲੇ ਜਾਂਦੇ ਹਨ ਅਤੇ ਗਰੀਬ ਨੌਜਵਾਨਾਂ ਦੀ ਵੱਡੀ ਪੜ੍ਹੀ-ਲਿਖੀ ਮਜ਼ਦੂਰ ਜਮਾਤ ਇਥੇ ਹੋਂਦ ਵਿੱਚ ਆ ਚੁੱਕੀ ਹੈ। ਪੰਜਾਬ ਦੇ ਬਹੁਤ ਸਾਰੇ ਸਰਕਾਰੀ ਮਹਿਕਮੇ ਆਖਰੀ ਸਾਹਾਂ ਉਪਰ ਹਨ, ਜਿੱਥੇ ਲੰਮੇ ਸਮੇਂ ਤੋਂ ਭਰਤੀ ਨਹੀਂ ਹੋਈ ਜਾਂ ਹੋਈ ਤਾਂ ਬਹੁਤ ਸੀਮਿਤ ਅਤੇ ਉਹ ਵੀ ਕੱਚੀ। ਇਨ੍ਹਾਂ ਮੁਲਜ਼ਮਾਂ ਤੋਂ ਨਿਗੂਣੀਆਂ ਤਨਖਾਹਾਂ ਉਪਰ ਨਿਯਮਾਂ ਅਤੇ ਸਮਰੱਥਾ ਨਾਲੋਂ ਕਿਤੇ ਵੱਧ ਕੰਮ ਲਿਆ ਜਾਂਦਾ ਹੈ। ਉਹ ਸਰੀਰਕ, ਮਾਨਸਿਕ ਤੇ ਆਰਥਿਕ ਗੁਲਾਮੀ ਹੰਢਾ ਰਹੇ ਹਨ।

ਮਨੁੱਖ ਦੀ ਉਸਾਰੂ ਸਿਰਜਣਾ ਦੇ ਜ਼ਰੂਰੀ ਅੰਗ ਸਿੱਖਿਆ ਮਹਿਕਮੇ ਨੂੰ ਦੇਖਿਆ ਜਾ ਸਕਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਸਮਿਆਂ ਵਿੱਚ ਠੇਕੇ ਉਪਰ ਭਰਤੀ ਸ਼ੁਰੂ ਕੀਤੀ ਗਈ ਤਾਂ ਇਸ ਵਿੱਚ ਲੋਕ ਮਾਰੂ ਨੀਤੀ ਹੇਠ ਸਿੱਖਿਆ ਜਗਤ ਨੂੰ ਲਪੇਟਣਾ ਜ਼ਰੂਰੀ ਸਮਝਿਆ ਗਿਆ। ਇਸ ਤਹਿਤ ਸਕੂਲ ਮਾਸਟਰਾਂ ਨੂੰ ਅਲੱਗ ਅਲੱਗ ਵਰਗਾਂ ਵਿੱਚ ਵੰਡ ਕੇ ਬਹੁਤ ਹੀ ਨਿਗੂਣੀ ਉਕਾ-ਪੁੱਕਾ ਤਨਖਾਹ ਤੈਅ ਕੀਤੀ ਗਈ। ਦਿਨੋ-ਦਿਨ ਘਟੀਆਂ ਰੁਜ਼ਗਾਰ ਸੰਭਾਵਨਾਵਾਂ ਕਾਰਨ ਪੜ੍ਹੇ ਲਿਖੇ ਪੰਜਾਬੀ ਇਨ੍ਹਾਂ ਤਨਖਾਹਾਂ ਉਪਰ ਕੰਮ ਕਰਨ ਲਈ ਮਜਬੂਰ ਹਨ। ਕੱਚੇ ਅਧਿਆਪਕਾਂ ਨੇ ਅੱਜ ਐਨੇ ਵਰਗ ਹਨ ਕਿ ਯਾਦ ਰੱਖਣੇ ਵੀ ਸੌਖੇ ਨਹੀਂ। ਬਹੁਤ ਨਿਗੂਣੀ ਤਨਖਾਹ ਲੈ ਰਿਹਾ ਅਧਿਆਪਕ ਆਪਣਾ ਤੇ ਪਰਵਾਰ ਦਾ ਗੁਜ਼ਾਰਾ ਕਿਵੇਂ ਕਰੇਗਾ ਅਤੇ ਸਮਾਜ ਨੂੰ ਬਿਹਤਰ ਬਣਾਉਣ ਲਈ ਕੰਮ ਕਿਵੇਂ ਕਰੇਗਾ। ਸਰਕਾਰੀ ਤੌਰ 'ਤੇ ਭਰਤੀ ਕਰਮਚਾਰੀ ਦਾ ਪਰਖਕਾਲ ਵਧਾ ਕੇ ਇੱਕ ਤੋਂ ਤਿੰਨ ਸਾਲ ਕਰ ਦਿੱਤਾ ਗਿਆ ਹੈ, ਜਿਸ ਦੌਰਾਨ ਉਸ ਨੂੰ ਕੇਵਲ ਮੁੱਢਲੀ ਤਨਖਾਹ ਹੀ ਦਿੱਤੀ ਜਾਂਦੀ ਹੈ।

ਉਚੇਰੀ ਸਿੱਖਿਆ ਵਿੱਚ ਅਸਿਸਟੈਂਟ ਪ੍ਰੋਫੈਸਰਾਂ ਦੀ ਲਗਭਗ ਦੋ ਦਹਾਕਿਆਂ ਤੋਂ ਭਰਤੀ ਨਹੀਂ ਹੋਈ। ਇਨ੍ਹਾਂ ਦੋ ਦਹਾਕਿਆਂ ਵਿੱਚ ਉਚੇਰੀ ਸਿੱਖਿਆ ਪ੍ਰਾਪਤ ਨੌਜਵਾਨਾਂ ਨੂੰ ਸਮੇਂ ਦੀ ਬਲੀ ਚਾੜ੍ਹ ਦਿੱਤਾ ਗਿਆ। ਪੰਜਾਬ ਦੇ ਕਈ ਸਰਕਾਰੀ ਕਾਲਜਾਂ ਵਿੱਚ ਰੈਗੂਲਰ ਅਧਿਆਪਕ ਦੇ ਨਾਂਅ ਉਪਰ ਕੋਈ ਵਿਰਲਾ ਹੀ ਬਚਿਆ ਹੈ। ਇਹੋ ਹਾਲ ਪੰਜਾਬ ਦੀਆਂ ਜਨਤਕ ਯੂਨੀਵਰਸਿਟੀਆਂ ਦਾ ਹੈ ਜਿੱਥੇ ਪੜ੍ਹਾਉਣ ਦਾ ਬਹੁਤਾ ਕੰਮ ਰਿਸਰਚ ਸਕਾਲਰਾਂ, ਗੈਸਟ ਜਾਂ ਕੰਟਰੈਕਟ ਆਧਾਰਤ ਫੈਕਲਟੀ ਤੋਂ ਲਿਆ ਜਾ ਰਿਹਾ ਹੈ। ਇਨ੍ਹਾਂ ਨੂੰ ਨਿਗੂਣੀ ਅਦਾਇਗੀ ਵੀ ਲੰਮਾ ਸਮਾਂ ਲਟਕਾਈ ਜਾਂਦੀ ਹੈ। ਪ੍ਰਾਈਵੇਟ ਸਕੂਲਾਂ ਕਾਲਜਾਂ ਵਿੱਚ ਤਾਂ ਇਸ ਸ਼ੋਸ਼ਣ ਦਾ ਆਲਮ ਹੋਰ ਵੀ ਮਾੜਾ ਹੈ।

ਸਭ ਤੋਂ ਵੱਧ ਮੰਦਭਾਗੀ ਗੱਲ ਇਹ ਹੈ ਕਿ ਜਨ ਸਾਧਾਰਨ ਚੇਤੰਨ ਨਹੀਂ ਤੇ ਨਾ ਹੀ ਉਸ ਨੂੰ ਚੇਤੰਨ ਹੋਣ ਦਿੱਤਾ ਜਾਂਦਾ ਹੈ। ਇਥੇ ਮੁਲਾਜ਼ਮ, ਵਿਦਿਆਰਥੀ ਤੇ ਸਮਾਜ ਵਿਚਕਾਰ ਵੱਡਾ ਪਾੜਾ ਹੈ। ਚਾਹੀਦਾ ਹੈ ਕਿ ਪੰਜਾਬੀ ਜੋ ਜਿਉਣ ਜੋਗੀ ਜ਼ਿੰਦਗੀ ਤੋਂ ਕੋਹਾਂ ਦੂਰ ਹੋ ਚੁੱਕੇ ਹਨ ਮੁਫਤ ਆਟਾ-ਦਾਲ, ਬਿਜਲੀ ਦਾ ਖਹਿੜਾ ਛੱਡਦਿਆਂ ਚੰਗੀ ਸਿੱਖਿਆ, ਚੰਗੇ ਰੁਜ਼ਗਾਰ ਤੇ ਚੰਗੇ ਜੀਵਨ ਲੀ ਇੱਕ ਹੋ ਕੇ ਸੰਘਰਸ਼ ਕਰਨ। ਸੰਘਰਸ਼ ਦੀ ਸ਼ੁਰੂਆਤ ਵਿੱਚ ਸਾਂਝੇ ਫਰੰਟ ਤੋਂ ਕੀਤੀ ਜਾਣੀ ਬਣਦੀ ਹੈ ਜਿਸ ਵਿੱਚ ਦਿਹਾੜੀਦਾਰ, ਛੋਟੇ ਕਿਸਾਨ, ਛੋਟੇ ਦੁਕਾਨਦਾਰ, ਕਰਮਚਾਰੀ, ਅਧਿਆਪਕ ਸਾਰੇ ਹੀ ਸ਼ਾਮਲ ਹੋਣ।

# ਕੋਵੈਕਸੀਨ ਉਤੇ ਕਿੰਤੂ: ਆਰ ਐਮ ਐਲ ਹਸਪਤਾਲ ਦੇ ਡਾਕਟਰਾਂ ਨੇ ਟੀਕਾ ਲਵਾਉਣ ਤੋਂ ਨਾਂਹ ਕੀਤੀ

ਨਵੀਂ ਦਿੱਲੀ, 17 ਜਨਵਰੀ (ਪੋਸਟ ਬਿਊਰੋ)- ਕੋਰੋਨਾ ਦੇ ਇਲਾਜ ਲਈ ਭਾਰਤ ਵਿੱਚ ਵਿਕਸਿਤ ਹੋਏ ਟੀਕੇ 'ਕੋਵੈਕਸੀਨ' ਬਾਰੇ ਕਈ ਸਵਾਲ ਉਠ ਰਹੇਹਨ। ਭਾਰਤ ਬਾਇਓਟੈਕ ਵੱਲੋਂ ਵਿਕਸਿਤ ਕੀਤੀ ਗਈ 'ਕੋਵੈਕਸੀਨ' ਦੇ ਅਜੇ ਤੀਜੇ ਗੇੜ ਦੇ ਟਰਾਇਲ ਪੂਰੇ ਨਾ ਹੋਣ ਕਾਰਨ ਲੋਕ ਇਸ ਟੀਕੇ ਨੂੰ ਲਵਾਉਣ ਉੱਤੇਸ਼ੱਕ ਪ੍ਰਗਟਾ ਰਹੇ ਹਨ ਤੇ ਦਿੱਲੀ ਦੇ ਆਰ ਐਮ ਐਲ (ਰਾਮ ਮਨੋਹਰ ਲੋਹੀਆ) ਹਸਪਤਾਲ ਦੇ ਰੈਜ਼ੀਡੈਂਟ ਡਾਕਟਰਾਂ ਨੇ ਕੋਵੈਕਸੀ ਲਵਾਉਣ ਤੋਂ ਨਾਂਹ ਕਰ ਕੇ ਕਿਹਾ ਹੈ ਕਿ ਉਹ ਕੋਵੀਸ਼ੀਲਡ (ਕੋਰੋਨਾ ਦੇ ਖਿਲਾਫ ਵਰਤਿਆ ਜਾਣ ਵਾਲਾ ਦੂਜਾ ਟੀਕਾ) ਲਵਾਉਣਗੇ।

ਕੋਵੈਕਸੀਨ ਟੀਕਾ ਲਵਾਉਣ ਵਾਲਿਆਂ ਤੋਂ ਇੱਕ ਸਹਿਮਤੀ ਪੱਤਰ ਉੱਤੇਦਸਖਤ ਕਰਵਾਏ ਜਾਂਦੇ ਹਨ, ਜਿਸ ਵਿੱਚ ਲਿਖਿਆ ਹੈ ਕਿ ਟੀਕੇ ਕਾਰਨ ਜੇ ਕੋਈ ਮਾੜਾ ਪ੍ਰਭਾਵ ਸਾਹਮਣੇ ਆਇਆ ਤਾਂ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ। ਇਸ ਫਾਰਮ ਵਿੱਚ ਕਿਹਾ ਗਿਆ ਹੈ ਕਿ ਇਹ ਟੀਕਾ ਐਮਰਜੈਂਸੀ ਹਾਲਾਤ 'ਚ ਸੀਮਿਤ ਵਰਤੋਂ ਲਈ ਲਾਇਆ ਜਾਵੇਗਾ। ਇਸ 'ਚ ਇਹ ਵੀ ਕਿਹਾ ਗਿਆ ਹੈ ਕਿ ਟੀਕੇ ਦੇ ਕਲੀਨੀਕਲ




ਪ੍ਰਭਾਵੀ ਹੋਣ ਦਾ ਤੱਥ ਸਥਾਪਤ ਕੀਤਾ ਜਾਣਾ ਬਾਕੀ ਹੈ ਤੇ ਇਹ ਅਜੇ ਵੀ ਫੇਜ਼-3 ਟਰਾਇਲ ਵਿੱਚ ਹੈ। ਆਰ ਐਮ ਐਲ ਹਸਪਤਾਲ ਦੇ ਡਾਕਟਰਾਂ ਨੇ ਕੋਵੈਕਸੀਨ ਦੀ ਬਜਾਏ 'ਕੋਵੀਸ਼ੀਲਡ' ਲਵਾਉਣ ਦੀ ਮੰਗ ਕੀਤੀ। ਆਰ ਐਮ ਐਲ ਦੀ ਰੈਜ਼ੀਡੈਂਟ ਡਾਕਟਰ ਐਸੋਸੀਏਸ਼ਨ ਨੇ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਰੈਜ਼ੀਡੈਂਟ ਡਾਕਟਰ ਕੋਵੈਕਸੀਨ ਬਾਰੇ ਸ਼ਸ਼ੋਪੰਜ ਵਿੱਚ ਹਨ, ਕਿਉਂਕਿ ਇਸ ਦਾ ਟਰਾਇਲ ਪੂਰਾ ਨਹੀਂ ਹੋਇਆ ਅਤੇ ਹੋ ਸਕਦਾ ਹੈ ਕਿ ਵੱਡੀ ਗਿਣਤੀ ਵਿੱਚ ਟੀਕਾਕਰਨ ਲਈ ਨਾ ਪਹੁੰਚਣ, ਜਿਸ ਕਾਰਨ ਟੀਕਾਕਰਨ ਮੁਹਿੰਮ ਨਾਕਾਮ ਹੋ ਜਾਵੇ, ਇਸ ਲਈ ਇਹ ਟੀਕਾ ਨਹੀਂ ਲਾਇਆ ਜਾਣਾ ਚਾਹੀਦਾ।

# ਰੋਮ ਵਿਖੇ ਬਿਰਧ ਆਸ਼ਰਮ ਵਿੱਚ ਜ਼ਹਿਰੀਲੀ ਗੈਸ ਚੜ੍ਹਨ ਦੇ ਨਾਲ ਪੰਜ ਮੌਤਾਂ

ਵੀਨਸ (ਇਟਲੀ), 17 ਜਨਵਰੀ (ਪੋਸਟ ਬਿਊਰੋ)- ਇਟਲੀ ਦੀ ਰਾਜਧਾਨੀ ਰੋਮ ਨੇੜੇ ਲਾਨੂਵੀਓ ਆਰੀਚਾ ਵਿਖੇ ਇੱਕ ਬਿਰਧ ਆਸ਼ਰਮ ਵਿੱਚ ਕੱਲ੍ਹ ਪੰਜ ਬਜ਼ੁਰਗ ਵਿਅਕਤੀ ਮ੍ਰਿਤਕ ਮਿਲੇ। ਇਸ ਹਾਦਸੇ ਦਾ ਕਾਰਨ ਕੋਈ ਜ਼ਹਿਰੀਲਾ ਪਦਾਰਥ ਦੱਸਿਆ ਜਾ ਰਿਹਾ ਹੈ ਜਿਸ ਨਾਲ ਇਨ੍ਹਾਂ ਵਿਅਕਤੀਆਂ ਸਾਹ ਘੁੱਟ ਗਿਆ। ਗੈਸ ਚੜ੍ਹਨ ਨਾਲ ਸੱਤ ਹੋਰ ਗੰਭੀਰ ਹਨ, ਅਤੇ ਆਰੀਚਾ ਅਤੇ ਹੋਰ ਹਸਪਤਾਲਾਂ ਵਿੱਚ ਦਾਖਲ ਹਨ। ਇਨ੍ਹਾਂ ਵਿੱਚ ਦੋ ਆਸ਼ਰਮ ਦੇ ਕਰਮਚਾਰੀ ਹਨ।

ਪਰਸੋਂ ਸਵੇਰ ਤੋਂ ਇਸ ਘਟਨਾ ਦਾ ਪਤਾ ਲੱਗਣ ਨਾਲ ਪੁਲਸ ਅਤੇ



ਸਿਹਤ ਵਿਭਾਗ ਨੇ ਮਿਲ ਕੇ ਆਪਰੇਸ਼ਨ ਕੀਤਾ ਅਤੇ ਬਿਰਧ ਆਸ਼ਰਮ ਵਿੱਚ ਰਹਿੰਦੇ ਬਾਕੀ ਬਜ਼ੁਰਗ ਵਿਅਕਤੀਆਂ ਦੀ ਸਿਹਤ ਦਾ ਨਿਰੀਖਣ ਕਰ ਕੇ ਉਨ੍ਹਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਤਬਦੀਲ ਕੀਤਾ। ਪੁਲਸ ਹਾਦਸੇ ਦੇ ਅਸਲ ਕਾਰਨ ਲੱਭ ਰਹੀ ਹੈ।

## ਨਸ਼ੇ ਦੇ ਕੇਸ ਵਿੱਚ ਫਸਾਉਣ ਦੀ ਧਮਕੀ ਦੇ ਕੇ 50 ਹਜ਼ਾਰ ਲੈਣ ਵਾਲਾ ਥਾਣੇਦਾਰ ਕਾਬੂ

ਲੁਧਿਆਣਾ, 17 ਜਨਵਰੀ (ਪੋਸਟ ਬਿਊਰੋ)- ਦੁਕਾਨਦਾਰ ਉੱਤੇ ਨਸ਼ੇ ਦਾ ਝੂਠਾ ਕੇਸਪਾਉਣ ਦੀ ਧਮਕੀ ਨਾਲ ਰਿਸ਼ਵਤ ਲੈਣ ਦੇ ਦੋਸ਼ ਵਿੱਚ ਥਾਣਾ ਬਸਤੀ ਜੋਧੇਵਾਲ ਪੁਲਸ ਨੇ ਸਲੇਮ ਟਾਬਰੀ ਥਾਣੇ ਦੇ ਏ ਐਸ ਆਈ ਉੱਤੇਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਦੀ ਪਛਾਣ ਏ ਐਸ ਆਈ ਸੁਰਿੰਦਰ ਕੁਮਾਰ ਵਜੋਂ ਹੋਈ ਹੈ।

ਇਸ ਬਾਰੇ ਦੁਕਾਨਦਾਰ ਗੌਰਵ ਦੱਤ ਨੇ ਪੁਲਸ ਨੂੰ ਦੱਸਿਆ ਕਿ ਉਹ ਪਾਰਸ ਮੈਡੀਕੇਅਰ ਨਾਂਅ ਦੇ ਮੈਡੀਕਲ ਸਟੋਰ ਉੱਤੇ ਨੌਕਰੀ ਕਰਦਾ ਹੈ। ਬੀਤੀ 14 ਜਨਵਰੀ ਦੀ ਦੁਪਹਿਰ ਉਹ ਦੁਕਾਨ ਉੱਤੇ ਇਕੱਲਾ ਸੀ। ਇਸ ਦੌਰਾਨ ਦੋਸ਼ੀ ਥਾਣੇਦਾਰ ਦੁਕਾਨ ਉੱਤੇ ਆਇਆ ਤੇ ਕਿਹਾ ਕਿ ਤੁਸੀਂ ਨਸ਼ੇ ਦੀਆਂ ਦਵਾਈਆਂ ਵੇਚਣ ਦਾ ਧੰਦਾ ਕਰਦੇ ਹੋ। ਗੌਰਵ ਨੇ ਕਿਹਾ ਕਿ ਉਹ ਦੁਕਾਨ ਉੱਤੇ ਇਹੋ ਜਿਹੀ ਕੋਈ ਦਵਾਈ ਨਹੀਂ ਰੱਖਦੇ। ਦੋਸ਼ੀ ਏ ਐਸ ਆਈ ਬੋਲਿਆ ਕਿ ਉਸ



ਨੂੰ ਪੰਜਾਹ ਹਜ਼ਾਰ ਰੁਪਏ ਦੇਵੇ, ਨਹੀਂ ਤਾਂ ਦੁਕਾਨ ਉੱਤੇ ਨਸ਼ੇ ਦਵਾਈ ਰਖਵਾ ਕੇ ਕੇਸ ਦਰਜ ਕਰ ਦੇਵੇਗਾ। ਇਸ ਦੌਰਾਨ ਡਰਾ-ਧਮਕਾ ਕੇ ਉਹ ਉਸ ਕੋਲੋਂ ਉਸ ਦਿਨ 22 ਹਜ਼ਾਰ ਰੁਪਏ ਲੈ ਗਿਆ ਅਤੇ ਕਿਹਾ ਕਿ ਬਾਕੀ ਪੈਸੇ ਬਾਅਦ ਵਿੱਚ ਲੈ ਜਾਏਗਾ। ਗੌਰਵ ਨੇ ਆਪਣੇ ਮਾਲਕ ਗਗਨਦੀਪ ਨੂੰ ਦੱਸਿਆ, ਜਿਨ੍ਹਾਂ ਨੇ ਉਚ ਅਧਿਕਾਰੀਆਂ ਨੂੰ ਇਸ ਦੀ ਸੂਚਨਾ ਦਿੱਤੀ। ਉਨ੍ਹਾਂ ਮਿਲ ਕੇ ਦੋਸ਼ੀ ਦਾ ਟ੍ਰੈਪ ਲਵਾਇਆ ਅਤੇ ਇਸੇ ਦੌਰਾਨ ਉਸ ਨੂੰ ਪੰਜ ਹਜ਼ਾਰ ਰੁਪਏ ਦੇਣ ਲਈ ਬੁਲਾ ਲਿਆ ਅਤੇ ਰੰਗੇ ਹੱਥੀਂ ਕਾਬੂ ਕਰ ਲਿਆ।

## ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੀ ਚੋਣ ਕਮੇਟੀ ਦੇ ਸਾਰੇ ਮੈਂਬਰਾਂ ਦਾ ਅਸਤੀਫਾ

ਨਵੀਂ ਦਿੱਲੀ, 17 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੀਆਂ ਚੋਣਾਂ ਲਈ ਬਣੀ ਕਮੇਟੀ ਦੇ ਸਾਰੇ ਤਿੰਨ ਮੈਂਬਰਾਂ ਨੇ ਅਸਤੀਫਾ ਦੇ ਦਿੱਤਾ ਹੈ। ਚੋਣ ਕਮੇਟੀ (2020-21) ਦੇ ਚੇਅਰਮੈਨ ਸੀਨੀਅਰ ਵਕੀਲ ਜੈਦੀਪ ਗੁਪਤਾ ਤੇ ਹੋਰ ਮੈਂਬਰ ਹਰਿਨ ਪੀ ਰਾਵਲ ਤੇ ਨਕੁਲ ਦੀਵਾਨ ਸਨ।

ਐਸੋਸੀਏਸ਼ਨ ਦੇ ਕਾਰਜਕਾਰੀ ਸਕੱਤਰ ਰੋਹਿਤ ਪਾਂਡੇ ਨੂੰ ਲਿਖੇ ਪੱਤਰ ਵਿੱਚ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਨੇ ਚੋਣਾਂ ਡਿਜੀਟਲ ਪਲੇਟਫਾਰਮ ਉਤੇ ਕਰਵਾਉਣ ਦਾ ਫੈਸਲਾ ਕੀਤਾ ਸੀ ਤੇ ਇਸ ਲਈ ਡਿਜੀਟਲ ਫਰਮਐਨ ਐਸ ਡੀ ਐਲ ਨਾਲ ਵਿਚਾਰ ਚਰਚਾ ਵੀ ਕੀਤੀ ਗਈ ਸੀ।ਐਨ ਐਸ ਡੀ ਐਲ ਨਾਲ ਹੋਏ ਸਮਝੌਤੇ ਦਾ ਖਰੜਾ ਅਤੇ ਸਾਰੇ ਖਰਚੇ ਬਾਰੇ ਪੱਤਰ ਐਸੋਸੀਏਸ਼ਨ ਦੇ ਕਾਰਜਕਾਰੀ ਕਮੇਟੀ ਨੂੰ 14 ਜਨਵਰੀ ਨੂੰ ਭੇਜਿਆ ਗਿਆ ਸੀ। ਇਸ ਚੋਣ ਕਮੇਟੀ ਦੇ ਮੈਂਬਰਾਂ ਮੁਤਾਬਕ ਕਾਰਜਕਾਰੀ ਕਮੇਟੀ ਨੇ ਮਤਾ ਭੇਜਿਆ ਹੈ, ਜਿਸ ਵਿੱਚ ਕੁਝ ਫੈਸਲੇ ਲਏ ਗਏ ਹਨ। ਮੈਂਬਰਾਂ ਨੇ ਕਿਹਾ ਕਿ ਉਹ ਇਸ ਨੂੰ ਕਾਰਜਕਾਰੀ ਕਮੇਟੀ ਵੱਲੋਂ ਇਨਕਾਰ ਕੀਤਾ ਜਾਣਾ



ਮੰਨਦੇ ਹਨ। ਮੈਂਬਰਾਂ ਨੇ ਕਿਹਾ ਕਿ ਐਸੋਸੀਏਸ਼ਨ ਦੀ ਕਾਰਜਕਾਰੀ ਕਮੇਟੀ ਦਾ ਜਵਾਬ ਉਨ੍ਹਾਂ ਦੀਆਂ ਹਦਾਇਤਾਂ ਨੂੰ ਮੰਨਣ ਤੋਂ ਇੱਕ ਤਰ੍ਹਾਂ ਦਾ ਇਨਕਾਰ ਹੈ, ਜਦ ਕਿ ਉਹ ਐਸੋਸੀਏਸ਼ਨ ਦੇ ਨਮ 17-ਏ ਮੁਤਾਬਕ ਆਖਰੀ ਹਨ ਤੇ ਮੰਨੀਆਂ ਜਾਣੀਆਂ ਚਾਹੀਦੀਆਂ ਹਨ। ਮੈਂਬਰਾਂ ਨੇ ਕਿਹਾ ਕਿ ਇਸ ਸਥਿਤੀ ਵਿੱਚ ਉਹ ਚੋਣ ਕਮੇਟੀ ਵਿੱਚ ਬਣੇ ਰਹਿਣਾ ਸੰਭਵ ਨਹੀਂ ਸਮਝਦੇ। ਐਸੋਸੀਏਸ਼ਨ ਦੀ ਕਾਰਜਕਾਰੀ ਕਮੇਟੀ ਨੇ ਪਿਛਲੇ ਸਾਲ ਦਸੰਬਰ ਵਿੱਚ ਚੋਣ ਕਮੇਟੀ ਬਣਾਈ ਸੀ। ਬਾਰ ਐਸੋਸੀਏਸ਼ਨ ਦੇ ਕੁਝ ਆਗੂ ਵਰਚੁਅਲ ਚੋਣਾਂ ਦੇ ਹੱਕ ਵਿੱਚ ਨਹੀਂ ਸਨ। ਉਹ ਚਾਹੁੰਦੇ ਹਨ ਕਿ ਵੋਟਾਂ ਨਿੱਜੀ ਤੌਰ ਉੱਤੇ ਹਾਜ਼ਰ ਹੋ ਕੇ ਪਾਉਣ ਅਤੇ ਵਰਚੁਅਲ ਪਾਉਣ (ਹਾਈਬ੍ਰਿਡ ਮੋਡ), ਦੋਵਾਂ ਦੀ ਇਜਾਜ਼ਤ ਦਿੱਤੀ ਜਾਵੇ।

ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਤੇ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਚੀਫ ਜਸਟਿਸ ਐਸ ਏ ਬੋਬੜੇ ਨੂੰ ਬੇਨਤੀ ਕੀਤੀ ਹੈ ਕਿ ਚੋਣਾਂ ਕਰਾਉਣ ਵਿੱਚ ਆਈ ਖੜੋਤ ਤੋੜੀ ਜਾਵੇ ਅਤੇ ਇਸ ਲਈ ਬੈਂਚ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਦੁਸ਼ਿਅੰਤ ਦਵੇ ਨੇ ਚੋਣ ਕਮੇਟੀ ਬਣਾਉਣ ਵਿੱਚ ਮਹੀਨੇ ਦੀ ਦੇਰੀ ਕੀਤੀ ਅਤੇ ਫਿਰ ਚੋਣ ਕਮੇਟੀ ਨੂੰ ਹਦਾਇਤਾਂ ਜਾਰੀ ਕਰਨ ਵਿੱਚ ਹਫਤੇ ਦੀ ਦੇਰੀ ਹੋਰ ਕੀਤੀ। ਸੁਪਰੀਮ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਲਿਖੇ ਪੱਤਰ ਵਿੱਚ ਉਨ੍ਹਾਂ ਕਿਹਾ ਕਿ ਜੇ ਉਹ ਚੋਣਾਂ ਹਾਈਬ੍ਰਿਡ ਮੋਡ ਵਿੱਚ ਕਰਾਉਣਾ ਚਾਹੁੰਦੇ ਸਨ ਤਾਂ ਦਸੰਬਰ ਵਿੱਚ ਫੈਸਲਾ ਲੈਂਦੇ। ਵਿਕਾਸ ਸਿੰਘ ਨੇ ਕਿਹਾ ਕਿ ਹੁਣ ਕਮੇਟੀ ਨੂੰ ਚੋਣਾਂ ਫਰਵਰੀ ਦੇ ਤੀਜੇ ਹਫਤੇ ਵਿੱਚ ਕਰਵਾਉਣ ਲਈ ਕਹਿਣਾ ਦਵੇ ਵੱਲੋਂ ਆਪਣਾ ਕਾਰਜਕਾਲ ਵਧਾਉਣ ਦਾ ਯਤਨ ਹੈ। ਉਨ੍ਹਾਂ ਕਿਹਾ ਕਿ ਦਵੇ ਨੇ ਅਸਤੀਫਾ ਦੇ ਕੇ ਡਰਾਮਾ ਕੀਤਾ ਹੈ ਤਾਂ ਕਿ ਚੋਣ ਕਮੇਟੀ ਅਸਤੀਫਾ ਨਾ-ਮਨਜ਼ੂਰ ਕਰਨ ਲਈ ਮਜਬੂਰ ਹੋ ਜਾਵੇ।

# ਭਾਰਤ ਵਿੱਚ ਖਿਸਕਦਾ ਬਾਜ਼ਾਰ ਵੇਖ ਕੇ ਵਾਟਸਐਪ ਨੇ ਨੀਤੀ ਬਦਲੀ

ਨਵੀਂ ਦਿੱਲੀ, 17 ਜਨਵਰੀ (ਪੋਸਟ ਬਿਊਰੋ)- ਭਾਰਤ ਵਿੱਚ ਆਪਣਾ ਬਾਜ਼ਾਰ ਖਿਸਕਦਾ ਦੇਖ ਵਾਟਸਐਪ ਨੇ ਇਥੋਂ ਲਈ ਆਪਣੀ ਪ੍ਰਾਇਵੇਸੀ ਪਾਲਿਸੀ ਅਜੇ ਲਾਗੂ ਕਰਨ ਤੋਂ ਟਾਲਾ ਵੱਟ ਲਿਆ ਹੈ। ਉਹ ਭਾਰਤ ਲਈ ਪ੍ਰਾਇਵੇਸੀ ਦੀ ਸਮੀਖਿਆ ਕਰ ਰਿਹਾ ਹੈ। ਭਾਰਤ ਵਿੱਚ ਵਾਟਸਐਪ ਦੀ ਪ੍ਰਾਇਵੇਸੀ ਪਾਲਿਸੀ ਅੱਠ ਫਰਵਰੀ ਤੋਂ ਲਾਗੂ ਹੋਣੀ ਸੀ, ਜਿਸ ਨੂੰ 15 ਮਈ ਨੂੰ ਲਾਗੂ ਕੀਤਾ ਜਾਏਗਾ। ਵਾਟਸਐਪ ਨੇ ਇਹ ਵੀ ਸਾਫ ਕੀਤਾ ਕਿ ਪ੍ਰਾਇਵੇਸੀ ਪਾਲਿਸੀ ਨੂੰ ਨਾ ਮੰਨਣ ਵਾਲੇ ਗ੍ਰਾਹਕਾਂ ਦੇ ਖਾਤੇ ਨੂੰ ਬੰਦ ਜਾਂ ਸਸਪੈਂਡ ਨਹੀਂ ਕੀਤਾ ਜਾਏਗਾ। ਵਾਟਸਐਪ ਆਪਣੀ ਪ੍ਰਾਇਵੇਸੀ ਦੀ ਸਮੀਖਿਆ ਦੌਰਾਨਗ੍ਰਾਹਕਾਂ ਨਾਲ ਗੱਲਬਾਤ ਕਰੇਗਾ ਅਤੇ ਫਿਰ ਉਸ ਨੂੰ ਲਾਗੂ ਕਰੇਗਾ। ਭਾਰਤ ਵਿੱਚ ਇਸ ਦੇ ਕਰੀਬ ਚਾਲੀ ਕਰੋੜ ਯੂਜ਼ਰ ਹਨ।

ਵਰਨਣ ਯੋਗ ਹੈ ਕਿ ਵਾਟਸਐਪ



ਉੱਤੇ ਫੇਸਬੁੱਕ ਨਾਲ ਆਪਣੇ ਯੂਜ਼ਰ ਦੇ ਡਾਟਾ ਸ਼ੇਅਰ ਕਰਨ ਦਾ ਦੋਸ਼ ਹੈ, ਜਿਸ ਕਾਰਨ ਗ੍ਰਾਹਕ ਇਸ ਨੂੰ ਛੱਡ ਰਹੇ ਹਨ। ਕੰਪਨੀ ਸੂਤਰਾਂ ਮੁਤਾਬਕ ਵਾਟਸਐਪ ਫੇਸਬੁਕ ਨਾਲ ਆਪਣੇ ਗ੍ਰਾਹਕਾਂ ਦਾ ਸਿਰਫ ਬੇਸਿਕ ਡਾਟਾ ਸ਼ੇਅਰ ਕਰਦਾ ਹੈ ਅਤੇ ਸਾਲ 2016 ਤੋਂ ਅਜਿਹਾ ਏਦਾਂ ਹੋ ਰਿਹਾ ਹੈ। ਇਸ ਡਾਟਾ ਵਿੱਚ ਓਨੀ ਹੀ ਜਾਣਕਾਰੀ ਹੁੰਦੀ ਹੈ, ਜਿੰਨੀ ਜਾਣਕਾਰੀ ਕੋਈ ਯੂਜ਼ਰ ਓਲਾ ਜਾਂ ਓਬਰ ਐਪ ਨੂੰ ਦਿੰਦਾ ਹੈ। ਕੰਪਨੀ ਦੇ ਸੂਤਰਾਂ ਮੁਤਾ-ਬਕ ਜਦ ਕੋਈ ਵਿਅਕਤੀ ਮੇਕ ਮਾਈ ਟ੍ਰਿਪ ਤੋਂ ਟਿਕਟ ਬੁੱਕ ਕਰਾਉਂਦਾ ਹੈ ਤਾਂ ਉਸ ਨੂੰ ਵਾਟਸਐਪ ਰਾਹੀਂਟਿਕਟ ਭੇਜੀ ਜਾਂਦੀ ਹੈ। ਇਥੇ ਮੇਕ ਮਾਈ ਟ੍ਰਿਪ ਬਿਜ਼ਨਸ ਸਰਵਿਸ ਪ੍ਰੋਵਾਈਡਰ ਦਾ ਕੰਮ ਕਰਦਾ ਹੈ। ਅਗੇ ਸਮੇਂ ਵਿੱਚ ਫੇਸਬੁੱਕ ਵੀ ਬਿਜ਼ਨਸ ਸਰਵਿਸ ਪ੍ਰੋਵਾਈਡਰ ਵਜੋਂ ਕੰਮ ਕਰਨਾ ਚਾਹੁੰਦਾ ਹੈ। ਇਸ ਲਈ ਫੇਸਬੁਕ ਨਾਲ ਵੀ ਯੂਜ਼ਰ ਦੇ ਓਨੇ ਡਾਟਾ ਸ਼ੇਅਰ ਹੋਣਗੇ, ਜਿੰਨੇ ਮੇਕ ਮਾਈ ਟ੍ਰਿਪ ਨਾਲ ਅਜੇ ਵੀ ਹੋ ਰਹੇ ਹਨ। ਇਹੀ ਨਵੀਂ ਚੀਜ਼ ਵਾਟਸਐਪ ਦੀ ਪ੍ਰਾਇਵੇਸੀ ਪਾਲਿਸੀ ਵਿੱਚ ਹੈ।

## ਨੌਜਵਾਨਾਂ ਨੇ ਸਕੂਲ ਜਾਂਦੀ ਵਿਦਿਆਰਥਣ ਨੂੰ ਅਗਵਾ ਕਰ ਲਿਆ

ਬਠਿੰਡਾ, 17 ਜਨਵਰੀ (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਘੜੈਲਾ ਦੀ ਸਕੂਲ ਜਾਂਦੀ 10ਵੀਂ ਜਮਾਤ ਦੀ ਨਾਬਾਲਗ ਵਿਦਿਆਰਥਣ ਨੂੰ ਚਾਰ ਨੌਜਵਾਨਾਂ ਨੇ ਕਾਰ ਰਾਹੀਂ ਅਗਵਾ ਕਰ ਲਿਆ ਤਾਂ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਜਾਇਜ਼ਾ ਲੈਣ ਪਿੱਛੋਂ ਚਾਰ ਨੌਜਵਾਨਾਂ ਵਿਰੁੱਧ ਨਾਬਾਲਗ ਵਿਦਿਆਰਥਣ ਦੇ ਪਿਤਾ ਦੇ ਬਿਆਨਾਂ ਉੱਤੇ ਥਾਣਾ ਸਦਰ ਰਾਮਪੁਰਾ ਵਿਖੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

ਥਾਣਾ ਮੁਖੀ ਭੁਪਿੰਦਰਜੀਤ ਸਿੰਘ ਨੇ ਦੱਸਿਆ ਕਿ ਨਾਬਾਲਗ ਵਿਦਿਆਰਥਣ ਦੇ ਪਿਤਾ ਨੇ ਪੁਲਸ ਨੂੰ ਦੱਸਿਆ ਹੈ ਕਿ ਉਸ ਦ ਧੀ ਪਿੰਡ ਘੜੈਲਾ ਤੋਂ ਤਾਜੋਕੇ ਸਕੂਲ ਵਿਖੇ ਸਾਈਕਲ ਉੱਤੇ ਪੜ੍ਹਨ ਜਾ ਰਹੀ ਸੀ ਜਿਸ ਦੇ ਪਿੱਛੇ ਉਹ ਵੀ ਸਾਈਕਲ ਉਪਰ ਜਾ ਰਿਹਾ ਸੀ। ਓਥੇ ਪਿੰਡ ਤੋਂ ਤਾਜੋਕੇ ਜਾਂਦੇ ਰਾਹ ਦੌਰਾਨ ਦੋ ਮੋਟਰ ਸਾਈਕਲ ਸਵਾਰਾਂ ਵਿੱਚੋਂ ਇੱਕ ਨੇ ਕੁੜੀ ਦਾ ਸਾਈਕਲ ਘੇਰ ਕੇ ਫੜ

*** ਪੁਲਸ ਨੇ ਕੁਝ ਸਮੇਂ ਬਾਅਦ ਅਗਵਾਕਾਰਾਂ ਤੋਂ ਛੁਡਵਾਈ**

ਲਿਆ ਅਤੇ ਤੇਜ਼ੀ ਨਾਲ ਪਿੱਛੋਂ ਆਈ ਕਾਰ ਵਿੱਚੋਂ ਦੋ ਨੌਜਵਾਨ ਅਤੇ ਮੋਟਰ ਸਾਈਕਲ ਸਵਾਰ ਨੌਜਵਾਨ ਨੇ ਧੱਕੇ ਨਾਲ ਉਸ ਦੀ ਧੀ ਨੂੰ ਕਾਰ ਵਿੱਚ ਬਿਠਾ ਕੇ ਕਾਰ ਭਜਾ ਕੇ ਲੈ ਗਏ ਅਤੇ ਪਿੱਛੇ ਮੋਟਰ ਸਾਈਕਲ ਸਵਾਰ ਚਲੇ ਗਏ।ਉਨ੍ਹਾਂ ਕਿਹਾ ਕਿ ਘਟਨਾ ਦਾ ਪਤਾ ਲੱਗਦਿਆਂ ਸਾਰ ਅਗਵਾ ਵਿਦਿਆਰਥਣ ਦੀ ਤਲਾਸ਼ ਵਿੱਚ ਪੁਲਸ ਪਾਰਟੀ ਤਪਾ ਵੱਲ ਚੱਲ ਪਈ, ਜਿੱਥੋਂ ਪੁਲਸ ਨੇ ਨਾਬਾਲਗ ਵਿਦਿਆਰਥਣ, ਕਾਰ ਤੇ ਇੱਕ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਪੁਲਸ ਨੇ ਨਾਬਾਲਗ ਵਿਦਿਆਰਥਣ ਦੇ ਪਿਤਾ ਦੇ ਬਿਆਨਾਂ ਉੱਤੇ ਓਮਕਰਨ ਸਿੰਘ, ਗੁਰਪ੍ਰੀਤ ਸਿੰਘ, ਸੰਦੀਪ ਸਿੰਘ ਤੇ ਕਮਲਦੀਪ ਸਿੰਘ ਵਾਸੀਅਨ ਤਾਜੋਕੇ ਵਿਰੁੱਧ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਹੈ।

## ਧੁੰਦ ਵਿੱਚ ਟਰਾਲੇ ਵੱਲੋਂ ਟੈਂਪੂ ਨੂੰ ਟੱਕਰ ਨਾਲ ਦੋ ਮੌਤਾਂ

ਖੰਨਾ, 17 ਜਨਵਰੀ (ਪੋਸਟ ਬਿਊਰੋ)- ਨੈਸ਼ਨਲ ਹਾਈਵੇ ਉੱਤੇ ਸੰਘਣੀ ਧੁੰਦ ਅਤੇ ਪ੍ਰਸ਼ਾਸਨ ਦੀ ਲਾਪਰਵਾਹੀ ਕਾਰਨ ਕੱਲ੍ਹ ਫਿਰ ਇੱਕ ਹਾਦਸੇ ਵਿੱਚ ਦੋ ਜਣਿਆਂ ਦੀ ਮੌਤ ਹੋ ਗਈ ਅਤੇ ਚਾਰ ਜ਼ਖਮੀ ਵੀ ਹੋ ਗਏ। ਮ੍ਰਿਤਕਾਂ ਦੀ ਪਛਾਣ 38 ਸਾਲਾ ਨਿੱਕੀ ਮੋਦੀ ਅਤੇ ਤੀਹ ਸਾਲਾ ਸੋਨੂ ਦੇ ਰੂਪ ਵਿੱਚ ਹੋਈ। ਦੋਵੇਂ ਲੁਧਿਆਣਾ ਦੇ ਰਹਿਣ ਵਾਲੇ ਸਨ। ਪਤਾ ਲੱਗਾ ਹੈ ਕਿ ਇੱਕ ਟੈਂਪੂ ਲੁਧਿਆਣਾ ਤੋਂ ਮੰਡੀ ਗੋਬਿੰਦਗੜ੍ਹ ਨੂੰ ਜਾ ਰਿਹਾ ਸੀ ਕਿ ਖੰਨਾ ਵਿੱਚ ਗੁਰੂ ਅਮਰਦਾਸ ਮਾਰਕੀਟ ਨੇੜੇ ਫਲਾਈਓਵਰ ਤੋਂ ਸਰਵਿਸ ਰੋਡ ਉੱਤੇ ਡਾਈਵਰਟ ਕੀਤੇ ਰਸਤੇ ਉੱਤੇਅੱਗੇ ਰੁਕਾਵਟ ਹੋਣ ਕਾਰਨ ਟੈਂਪੂ ਚਾਲਕ ਨੇ ਅਚਾਨਕ ਬ੍ਰੇਕ ਲਾ ਦਿੱਤੀ। ਇਸੇ ਦੌਰਾਨ ਪਿੱਛੋਂ ਆਏ ਟਰਾਲੇ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਟੈਂਪੂ ਵਿੱਚ ਸਵਾਰ ਡਰਾਈਵਰ ਨਿੱਕੀ ਮੋਦੀ ਤੇ ਕਲੀਨਰ ਸੋਨੂ ਦੀ ਮੌਕੇ ਉੱਤੇ ਮੌਤ ਹੋ ਗਈ। ਟਰਾਲੇ ਦੀ ਟੱਕਰ ਦੇ ਬਾਅਦ ਟੈਂਪੂ ਅੱਗੇ ਇੱਕ ਕਾਰ ਨਾਲ ਜਾ ਟਕਰਾਇਆ। ਇਸ ਕਾਰਨ ਕਾਰ ਵਿੱਚ ਸਵਾਰ ਚਾਰ ਹੋਰ ਲੋਕ ਵੀ ਜ਼ਖਮੀ ਹੋ ਗਏ। ਫਲਾਈਓਵਰ ਦੀ ਮੁਰੰਮਤ ਲਈ ਲਗਾਏ ਬੈਰੀਕੇਡ ਧੁੰਦ ਵਿੱਚ ਨਾ ਦਿਸਣ ਕਾਰਨ ਇਹ ਹਾਦਸਾ ਹੋਇਆ।

## ਬਦਨਾਮ ਨਿਠਾਰੀ ਕਾਂਡ: ਬਲਾਤਕਾਰ ਤੇ ਕਤਲ ਦੇ ਦੋਸ਼ੀ ਸੁਰਿੰਦਰ ਕੋਲੀ ਨੂੰ ਫਿਰ ਫਾਂਸੀ ਦੀ ਸਜ਼ਾ



ਗਾਜ਼ੀਆਬਾਦ, 17 ਜਨਵਰੀ (ਪੋਸਟ ਬਿਊਰੋ)- ਬਹੁ-ਚਰਚਿਤ ਨਿਠਾਰੀ ਕਾਂਡ ਦੇ ਦੋਸ਼ੀ ਨੌਕਰ ਸੁਰਿੰਦਰ ਕੋਲੀ ਨੂੰ 319 ਦਿਨਾਂ ਦੀ ਸੁਣਵਾਈ ਪਿੱਛੋਂ ਸੀ ਬੀ ਆਈ ਦੀ ਸਪੈਸ਼ਲ ਕੋਰਟ ਨੇ ਫਾਂਸੀ ਦੀ ਸਜ਼ਾ ਸੁਣਾਈ ਅਤੇ ਇੱਕ ਲੱਖ 10 ਹਜ਼ਾਰ ਦਾ ਜੁਰਮਾਨਾ ਵੀ ਲਾਇਆ ਹੈ।ਵਿਸ਼ੇਸ਼ ਅਦਾਲਤ ਵਿੱਚ ਨਿਠਾਰੀ ਕਾਂਡ ਦਾ ਇਹ 12ਵਾਂ ਕੇਸ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਕੇਸ ਵਿੱਚ ਕੋਠੀ ਮਾਲਕ ਮਨਿੰਦਰ ਸਿੰਘ ਪੰਧੇਰ ਅਤੇ ਨੌਕਰ ਸੁਰਿੰਦਰ ਕੋਲੀ ਉੱਤੇ ਨਿਠਾਰੀ ਦੀ ਲੜਕੀ ਨੂੰ ਅਗਵਾ ਕਰਨ ਪਿੱਛੋਂ ਕੋਠੀ 'ਚ ਬਲਾਤਕਾਰ ਕਰ ਕੇ ਹੱਤਿਆ ਕਰਨ ਅਤੇ ਲਾਸ਼ ਨੂੰ ਲੁਕਾਉਣ ਦਾ ਦੋਸ਼ ਸੀ। ਸੀ ਬੀ ਆਈ ਵੱਲੋਂ ਦਰਜ ਕੀਤੇ ਕੇਸ ਵਿੱਚ ਸੁਰਿੰਦਰ ਕੋਲੀ ਤੇ ਮਨਿੰ-ਦਰ ਪੰਧੇਰ ਵਿਰੁੱਧ ਦੋਸ਼ ਸੀ ਕਿ ਇਨ੍ਹਾਂ ਨੇ ਮਾਸੂਮ ਅਤੇ ਨਾਬਾਲਗ ਲੜਕੀਆਂ ਨੂੰ ਅਗਵਾ ਕਰਨ ਪਿੱਛੋਂ ਬਲਾਤਕਾਰ ਕਰ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਅਤੇ ਫਿਰ ਲਾਸ਼ਾਂ ਨੂੰ ਨਾਲੇ 'ਚ ਸੁੱਟ ਦਿੱਤਾ ਸੀ। ਸਾਲ ਨਿਠਾਰੀ ਵਿੱਚ 2006 ਵਿੱਚ ਦਿਲ ਹਿਲਾ ਦੇਣ ਵਾਲੇ 12 ਕੇਸਾਂ ਵਿੱਚ ਸੀ ਬੀ ਆਈ ਦੀ ਸਪੈਸ਼ਲ ਕੋਰਟ ਭਾਵੇਂ ਫੈਸਲੇ ਸੁਣਾ ਚੁੱਕੀ ਹੈ, ਪਰ ਇਸ ਕਾਂਡ ਦੇ ਪੰਜ ਕੇਸਾਂ ਦਾ ਅਜੇ ਫੈਸਲਾ ਆਉਣਾ ਬਾਕੀ ਹੈ। ਨਿਠਾਰੀ ਕਾਂਡ ਨਾਲ ਜੁੜੇ ਤਿੰਨ ਕੇਸ ਅਜਿਹੇ ਹਨ, ਜਿਨ੍ਹਾਂ ਤੋਂ ਅੱਜ ਤੱਕ ਪਰਦਾ ਨਹੀਂ ਉਠ ਸਕਿਆ।

## ਸ਼ਰਾਬ ਪੀਂਦੇ ਝਗੜ ਕੇ ਜੀਜੇ ਦੀ ਛਾਤੀ ਵਿੱਚ ਚਾਕੂ ਮਾਰ ਕੇ ਮਾਰਿਆ

ਮੋਹਾਲੀ, 17 ਜਨਵਰੀ (ਪੋਸਟ ਬਿਊਰੋ)- ਏਥੋਂ ਨੇੜੇ ਬਲੌਂਗੀ ਵਿੱਚ ਰਹਿਣ ਵਾਲੇ ਚਾਲੀ ਸਾਲ ਦਾ ਧਨਬਹਾਦੁਰ ਅਤੇ ਉਸ ਦਾ 22 ਸਾਲ ਦਾ ਸਾਲਾ ਪ੍ਰੇਮਕਰ ਖੁਸ਼ਾ ਸ਼ਰਾਬ ਪੀ ਰਹੇ ਸਨ। ਇਸ ਦੌਰਾਨ ਦੋਵਾਂ ਵਿੱਚ ਕਿਸੇ ਗੱਲ ਬਾਰੇ ਬਹਿਸ ਹੋ ਗਈ, ਜੋ ਇੰਨੀ ਵਧੀ ਕਿ ਨਸ਼ੇ ਵਿੱਚ ਪ੍ਰੇਮਕਰ ਨੇ ਆਪਣੇ ਜੀਜੇ ਧਨਬਹਾਦੁਰ ਦੀ ਛਾਤੀ ਵਿੱਚ ਚਾਕੂ ਮਾਰ ਦਿੱਤਾ ਅਤੇ ਫਰਾਰ ਹੋ ਗਿਆ। ਆਸਪਾਸ ਦੇ ਲੋਕ ਧਨਬਹਾਦੁਰ ਨੂੰ ਫੇਜ਼-2 ਸਿਵਲ ਹਸਪਤਾਲ ਲੈ ਗਏ, ਜਿੱਥੋਂ ਉਸ ਨੂੰ ਜੀ ਐਮ ਸੀ ਐਚ-32 ਰੈਫਰ ਕਰ ਦਿੱਤਾ ਗਿਆ। ਦੂਸਰੇ ਦਿਨ ਧਨਬਹਾਦੁਰ ਦੀ ਮੌਤ ਹੋ ਗਈ। ਇਸ ਬਾਰੇ ਬਲੌਂਗੀ ਥਾਣਾ ਪੁਲਸ ਨੇ ਪ੍ਰੇਮਕਰ ਖੁਸ਼ਾ ਦੇ ਖਿਲਾਫ ਕਤਲ ਦਾ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਜਾਂਚ ਅਫਸਰ ਸਬ ਇੰਸਪੈਕਟਰ ਹਰਜੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਪ੍ਰੇਮਕਰ ਨੂੰ ਕੱਲ੍ਹ ਖਰੜ ਕੋਰਟ ਵਿੱਚ ਪੇਸ਼ ਕਰ ਕੇ ਦੋ ਦਿਨ ਦੇ ਪੁਲਸ ਰਿਮਾਂਡ ਉੱਤੇ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀ ਪ੍ਰੇਮਕਰ ਅਤੇ ਉਸ ਦੀ ਭੈਣ ਬੰਗਾਲ ਦੇ ਰਹਿਣ ਵਾਲੇ ਹਨ। ਧਨਬਹਾਦੁਰ ਮੂਲ ਰੂਪ ਤੋਂ ਨੇਪਾਲ ਦਾ ਰਹਿਣ ਵਾਲਾ ਹੈ। ਪਹਿਲਾਂ ਉਹ ਹੁਸ਼ਿਆਰਪੁਰ ਵਿੱਚ ਇੱਕ ਫੈਕਟਰੀ ਵਿੱਚ ਕੰਮ ਕਰਦੇ ਤੇ ਇਕੱਠੇ ਰਹਿੰਦੇ ਸਨ। ਉਥੇ ਚਾਲੀ ਸਾਲ ਦੇ ਧਨਬਹਾਦੁਰ ਦਾ ਪ੍ਰੇਮਕਰ ਦੀ ਭੈਣ ਨਾਲ ਪ੍ਰੇਮ ਪ੍ਰਸੰਗ ਸ਼ੁਰੂ ਹੋ ਗਿਆ, ਪਰ ਦੋਵੇਂ ਵੱਖ-ਵੱਖ ਏਰੀਆ ਦੇ ਰਹਿਣ ਵਾਲੇ ਸਨ, ਜਿਸ ਕਾਰਨ ਭਰਾ ਪ੍ਰੇਮਕਰ ਵਿਆਹ ਲਈ ਨਹੀਂ ਮੰਨ ਰਿਹਾ ਸੀ। ਇਸ ਦੇ ਬਾਵਜੂਦ ਦੋਵਾਂ ਨੇ ਲਵ ਮੈਰਿਜ ਕਰ ਲਈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਲਵ ਮੈਰਿਜ ਦੇ ਬਾਅਦ ਦੋਵੇਂ ਹੁਸ਼ਿਆਰਪੁਰ ਤੋਂ ਮੋਹਾਲੀ ਆ ਕੇ ਰਹਿਣ ਲੱਗੇ ਸਨ, ਪਰ ਪ੍ਰੇਮਕਰ ਵੀ ਹੁਸ਼ਿਆਰਪੁਰ ਤੋਂ ਮੋਹਾਲੀ ਹੀ ਆ ਗਿਆ ਅਤੇ ਉਹ ਆਦਰਸ਼ ਕਾਲੋਨੀ ਬਲੌਂਗੀ ਵਿੱਚ ਰਹਿੰਦੇ ਸਨ। ਪ੍ਰੇਮਕਰ ਵੀ ਵਿਆਹਿਆ ਹੋਇਆ ਹੈ। ਉਹ ਜੀਜਾ ਧਨਬਹਾਦੁਰ ਦੇ ਘਰ ਆਇਆ ਅਤੇ ਲੋਹੜੀ ਉੱਤੇ ਸਵੇਰ ਤੋਂ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਸ਼ਾਮ ਤੱਕ ਦੋਵੇਂ ਸ਼ਰਾਬ ਪੀਂਦੇ ਰਹੇ ਅਤੇ ਉਸ ਦੇ ਬਾਅਦ ਨਸ਼ੇ ਵਿੱਚ ਲਵ ਮੈਰਿਜ ਦੀ ਗੱਲ ਸ਼ੁਰੂ ਹੋ ਗਈ, ਜਿਸ ਕਾਰਨ ਬਹਿਸ ਹੋਈ। ਪ੍ਰੇਮਕਰ ਨੂੰ ਉਸ ਦੀ ਭੈਣ ਹਟਾਉਂਦੀ ਰਹੀ ਕਿ ਉਸ ਦੇ ਪਤੀ ਨੂੰ ਨਾ ਮਾਰੇ, ਪਰ ਉਸ ਨੇ ਹੱਤਿਆ ਕਰ ਦਿੱਤੀ।

# ਕਰੀਬ 18 ਕਰੋੜ ਆਬਾਦੀ ਨਾਲ ਭਾਰਤੀ ਲੋਕ ਸੰਸਾਰ ਦਾ ਸਭ ਤੋਂ ਵੱਡਾ ਪ੍ਰਵਾਸੀ ਗਰੁੱਪ

ਯੂ ਐੱਨ ਓ, 17 ਜਨਵਰੀ (ਪੋਸਟ ਬਿਊਰੋ)- ਪਰਵਾਸੀ ਭਾਰਤੀਆਂ ਦੀ ਗਿਣਤੀ ਸੰਸਾਰ 'ਚ ਸਭ ਤੋਂ ਜ਼ਿਆਦਾ ਹੈ, ਜੋ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਰਹਿੰਦੇ ਹਨ ਤੇ ਇਹ ਸਭ ਤੋਂ ਵੱਧ ਵਿਭਿੰਨਤਾ ਤੇ ਜ਼ਿੰਦਾਦਿਲੀ ਵਾਲੇ ਤਬਕਿਆਂ 'ਚੋਂ ਇੱਕ ਹਨ। ਯੂ ਐੱਨ ਓ ਨੇ ਦੱਸਿਆ ਕਿ ਸਾਲ 2020 ਵਿੱਚ ਤਕਰੀਬਨ 1.8 ਕਰੋੜ ਭਾਰਤੀ ਆਪਣੇ ਦੇਸ਼ਾਂ ਵਿੱਚ ਰਹਿੰਦੇ ਹਨ ਤੇ ਇਸ ਮਾਮਲੇ ਵਿੱਚ ਇਹ ਸੰਸਾਰ ਦਾ ਸਭ ਤੋਂ ਵੱਡਾ ਪਰਵਾਸੀ ਗਰੁੱਪ ਹਨ।

ਸੰਸਾਰ ਦੀ ਪੰਚਾਇਤ ਮੰਨੀ ਜਾਂਦੀ ਯੂ ਐੱਨ ਨੇ ਦੱਸਿਆ ਕਿ ਸਭ ਤੋਂ ਵੱਧ



ਗਿਣਤੀ ਵਿੱਚ ਪਰਵਾਸੀ ਭਾਰਤੀ ਯੂ ਏ ਈ, ਅਮਰੀਕਾ ਅਤੇ ਸਾਉਦੀ ਅਰਬ ਵਿੱਚ ਹਨ। ਇਸ ਬਾਰੇ ਯੂ ਐੱਨ ਦੇ ਆਰਥਿਕ ਤੇ ਸਮਾਜਕ ਮਾਮਲਿਆਂ ਦੇ ਵਿਭਾਗ (ਡੀ ਈ ਐਸ ਏ) ਵਿੱਚ ਆਬਾਦੀ ਵੰਡ 'ਚ ਗਿਣਤੀ ਦੇ ਕੇਸਾਂ ਦੀ ਅਧਿਕਾਰੀ ਕਲੇਰ ਮੇਨੋਜੀ ਨੇ ਇੱਕ ਇੰਟਰਵਿਊ ਵਿੱਚ ਕਿਹਾ, "ਭਾਰਤ ਦੇ ਤਕਰੀਬਨ 1.8 ਕਰੋੜ ਲੋਕ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਰਹਿੰਦੇ ਹਨ। ਸਭ ਤੋਂ ਰੌਚਕ ਗੱਲ ਇਹ ਕਿ ਭਾਰਤੀ ਪਰਵਾਸੀ ਪੂਰੀ ਦੁਨੀਆ 'ਚ ਹਨ।" ਮੇਨੋਜੀ ਨੇ ਕਿਹਾ ਕਿ ਕੁਝ ਪਾਰਦਰਸ਼ੀ ਆਬਾਦੀ ਅਸਲ ਵਿੱਚ ਇੱਕ ਦੇਸ਼ ਜਾਂ ਖੇਤਰ ਤੱਕ ਕੇਂਦਰਿਤ ਹੈ, ਭਾਰਤੀ ਪਰਵਾਸੀ ਸਾਰੇ ਮਹਾਂਦੀਪਾਂ ਅਤੇ ਖੇਤਰਾਂ-ਖਾੜੀ ਤੋਂ ਲੈ ਕੇ ਅਮਰੀਕਾ ਤੱਕ, ਆਸਟਰੇਲੀਆ ਤੋਂ ਬ੍ਰਿਟੇਨ ਤੱਕ ਫੈਲੇ ਹਨ ਅਤੇ ਦੁਨੀਆ ਦਾ ਸਭ ਤੋਂ ਵਿਭਿੰਨਤਾ ਵਾਲਾ ਤੇ ਗਤੀਸ਼ੀਲ ਗਰੁੱਪ ਹਨ।




# ਪਾਕਿਸਤਾਨ ਦੀ ਕੈਬਨਿਟ ਨੇ ਇਮਰਾਨ ਦੇ ਸਹਿਯੋਗੀ ਨੂੰ ਪੀ ਟੀ ਵੀ ਦੀ ਪ੍ਰਧਾਨਗੀ ਤੋਂ ਲਾਹਿਆ

ਇਸਲਾਮਾਬਾਦ, 17 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਕੈਬਨਿਟ ਨੇ ਹਾਈ ਕੋਰਟ ਦੇ ਹੁਕਮਾਂ ਉੱਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਨੇੜਲੇ ਸਾਥੀ ਨਈਮ ਬੁਖਾਰੀ ਨੂੰ ਸਰਕਾਰੀ ਪਾਕਿ-ਸਤਾਨ ਟੈਲੀਵਿਜ਼ਨ (ਪੀ ਟੀ ਵੀ) ਦੇ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ ਹੈ।ਮੀਡੀਆ ਦੀਆਂ ਕਈ ਖਬਰਾਂ ਵਿੱਚ ਦੱਸਿਆ ਗਿਆ ਕਿ ਉਚ ਅਦਾਲਤ ਨੇ ਉਨ੍ਹਾਂ ਨੂੰ ਚੈਨਲ ਦੇ ਮੁਖੀ ਵਜੋਂ ਕੰਮ ਕਰਨ ਤੋਂ ਰੋਕ ਦਿੱਤਾ ਸੀ, ਜਿਸ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ ਹੈ।

ਸੁਪਰੀਮ ਕੋਰਟ ਦੇ ਵਕੀਲ, ਨੇਤਾ ਅਤੇ ਸਾਬਕਾ ਟੀ ਵੀ ਐਂਕਰ ਬੁਖਾਰੀ ਨੂੰ ਪਿਛਲੇ ਸਾਲ ਨਵੰਬਰ ਵਿੱਚ ਸਰਕਾਰੀ ਚੈਨਲ ਦਾ ਮੁਖੀ ਬਣਾਇਆ ਗਿਆ ਸੀ,



ਜਿਸ ਪਿੱਛੋਂ ਪ੍ਰਧਾਨ ਮੰਤਰੀ ਖਾਨ ਦਾ ਨੇੜਲਾ ਹੋਣ ਦਾ ਲਾਭ ਮਿਲਣ ਸੰਬੰਧੀ ਉਨ੍ਹਾਂ ਦੀ ਕਾਫੀ ਆਲੋਚਨਾ ਹੋਈ ਸੀ। ਇਸਲਾਮਾਬਾਦ ਹਾਈ ਕੋਰਟ ਨੇ ਬੁਖਾਰੀ ਦੀ ਨਿਯੁਕਤੀ ਦੇ ਵਿਰੁੱਧ ਕਈ ਪਟੀਸ਼ਨਾਂ ਉੱਤੇ ਸੁਣਵਾਈ ਦੌਰਾਨ ਪਿਛਲੇ ਵੀਰਵਾਰ ਨੂੰ ਉਨ੍ਹਾਂ ਨੂੰ ਪੀ ਟੀ ਵੀ ਦੇ ਪ੍ਰਧਾਨ ਅਹੁਦੇ ਉੱਤੇ ਕੰਮ ਕਰਨ ਤੋਂ ਰੋਕ ਦਿੱਤਾ ਤੇ ਇਸ ਨੂੰ 2018 ਵਿੱਚ ਇਹੋ ਜਿਹੇ ਕੇਸ ਵਿੱਚ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਦੱਸਿਆ ਸੀ।ਚੀਫ ਜਸਟਿਸ ਮੀਨੱਲਾਹ ਨੇ ਕਿਹਾ ਕਿ ਕੈਬਨਿਟ ਨੇ 65 ਸਾਲਾ ਬੁਖਾਰੀ ਦੀ ਉਮਰ ਹੱਦ ਵਿੱਚ ਢਿੱਲ ਦੇਣ ਉੱਤੇ ਸਪੱਸ਼ਟ ਫੈਸਲਾ ਨਹੀਂ ਲਿਆ।

ਡਾਨ ਨਿਊਜ਼ ਨੇ ਕੇਂਦਰੀ ਵਿਗਿਆਨ ਤੇ ਤਕਨਾਲੋਜੀ ਮੰਤਰੀ ਫਵਾਦ ਚੌਧਰੀ ਦੇ ਹਵਾਲੇ ਨਾਲ ਖਬਰ ਦਿੱਤੀ ਕਿ ਕੈਬਨਿਟ ਨੇ ਸਰਕੂਲਰ ਜਾਰੀ ਕਰ ਕੇ ਬੁਖਾਰੀ ਅਤੇ ਪੀ ਟੀ ਵੀ ਦੇ ਦੋ ਹੋਰ ਡਾਇਰੈਕਟਰਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਹੈ, ਕਿਉਂਕਿ ਉਨ੍ਹਾਂ ਦੀ ਉਮਰ 65 ਸਾਲ ਤੋਂ ਵੱਧ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

You can (905)793-2202
Place Your Business Here
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Each Office Independently Owned & Operated
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA | PIA | ETIHAD | KLM | Emirates | SWISS | BRITISH AIRWAYS | JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca
ticoca | IATA
Call Us For Guaranteed Lowest Airfare
ANY Airline Time Destination Around the World
WESTJET vacations
transat | sunwing | AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

905-793-2202
ਪੰਜਾਬੀ ਪੋਸਟ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

905-793-2202
ਪੰਜਾਬੀ ਪੋਸਟ

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL
Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਾਲੀਵਾਲ

